Friday, February 13, 2026

# ਪੰਜਾਬੀ ਜਰਨਲ

# PUNJABI JOURNAL

ਫੱਗਣ 2, ਨਾਨਕਸ਼ਾਹੀ ਸੰਮਤ: 557 | Volume: 20, Issue: 07 | Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500

# ਬੀ.ਸੀ. ਗੋਲਾਬਾਰੀ ਦੀ ਘਟਨਾ ’ਚ 18 ਸਾਲਾ ਕੁੜੀ ਨਿਕਲੀ ਕਾਤਲ

## ਇਸ ਗੋਲੀਬਾਰੀ ਨੂੰ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਘਾਤਕ ਸਕੂਲ ਹਮਲਿਆਂ ਵਿੱਚੋਂ ਮੰਨਿਆ ਜਾ ਰਿਹਾ ਹੈ



**ਸਰੀ**: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਬਰਫਬਾਰੀ ਵਾਲੇ ਖੇਤਰ ਟੰਬਲਰ ਰਿੱਜ ਦੇ ਹਾਇਰ ਸੈਕੰਡਰੀ ਸਕੂਲ ’ਚ ਹੋਈ ਗੋਲੀਬਾਰੀ ਬਾਰੇ ਪੁਲੀਸ ਨੇ ਮ੍ਰਿਤਕਾਂ ਦੀ ਪਛਾਣ ਸਣੇ ਹੋਰ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਬੰਦੂਕਧਾਰੀ ਦੀ ਸ਼ਨਾਖ਼ਤ ਜੈਸੀ ਵੈਨ ਰੂਟਸਲਾਰ (18) ਵਜੋਂ ਹੋਈ ਹੈ, ਜੋ ਉਥੋਂ ਦੀ ਰਹਿਣ ਵਾਲੀ ਸੀ।

ਪੁਲੀਸ ਨੇ ਕਿਹਾ ਕਿ ਰੂਟਸਟਾਰ ਕੋਲ ਦੋ ਹਥਿਆਰ (ਬੰਦੂਕਾਂ) ਸਨ ਜਿਸ ਨਾਲ ਪਹਿਲਾਂ ਉਸ ਨੇ ਘਰ ਵਿੱਚ ਆਪਣੀ ਮਾਂ ਅਤੇ 11 ਸਾਲਾਂ ਮਤਰੇਏ ਭਰਾ ਨੂੰ ਮਾਰਿਆ, ਫਿਰ ਸਕੂਲ ਪਹੁੰਚ ਕੇ ਇੱਕ ਅਧਿਆਪਕਾ ਅਤੇ 12 ਤੋਂ 17 ਸਾਲ ਦੇ ਕਈ ਵਿਦਿਆਰਥੀਆਂ ਨੂੰ ਗੋਲੀਆਂ ਮਾਰੀਆਂ ਜਿਨ੍ਹਾਂ ’ਚੋਂ ਪੰਜ ਦੀ ਮੌਤ ਹੋ ਗਈ। ਪੁਲੀਸ ਨੇ ਸਪੱਸ਼ਟ ਕੀਤਾ ਕਿ ਘਟਨਾ ’ਚ ਨੌਂ ਜਣੇ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਹਸਪਤਾਲ ਦਾਖਲ ਜ਼ਖ਼ਮੀਆਂ ਦੀ ਹਾਲਤ ’ਚ ਸੁਧਾਰ ਹੋ ਰਿਹਾ ਹੈ।

ਬ੍ਰਿਟਿਸ਼ ਕੋਲੰਬੀਆ ਵਿੱਚ ਕੇਂਦਰੀ ਪੁਲੀਸ ਦੇ ਇੰਚਾਰਜ ਸੁਪਰਡੈਂਟ ਡਾਇਨ ਮੈਕਡੌਨਰਡ ਨੇ ਮੌਕੇ ਦਾ ਦੌਰਾ ਕਰਨ ਮਗਰੋਂ ਪ੍ਰੈੱਸ ਕਾਨਫਰੰਸ ’ਚ ਦੱਸਿਆ ਕਿ ਪੁਲੀਸ ਇਸ ਕਤਲੇਆਮ ਪਿੱਛੇ ਬੰਦੂਕਧਾਰੀ ਦੇ ਮਕਸਦ ਦਾ ਪਤਾ ਲਾਉਣ ’ਚ ਜੁਟੀ ਹੋਈ ਹੈ। ਦੂਜੇ ਪਾਸੇ, ਘਟਨਾ ਕਾਰਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣਾ ਯੂਰੋਪ ਦੌਰਾ ਰੱਦ ਕਰ ਦਿੱਤਾ।

ਘਟਨਾ ’ਤੇ ਦੁੱਖ ਪ੍ਰਗਟਾਉਂਦਿਆਂ ਕੈਨੇਡਿਆਈ ਪਾਰਲੀਮੈਂਟ ਵਿੱਚ ਦੋ ਮਿੰਟ ਮੌਨ ਧਾਰ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਸਦਨ ਦਿਨ ਭਰ ਲਈ ਉਠਾ ਦਿੱਤਾ ਗਿਆ। ਪ੍ਰਧਾਨ ਮੰਤਰੀ ਨੇ ਦੁਹਰਾਇਆ ਕਿ ਭਵਿੱਖ ’ਚ ਅਜਿਹੀਆਂ ਘਟਨਾਵਾਂ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ।

**ਗੋਲੀਬਾਰੀ ‘ਚ ਮਰਨ ਵਾਲਿਆਂ ਦੀ ਗਿਣਤੀ 9 ਹੋਈ:**

ਪੁਲਸ ਨੇ ਸ਼ੁਰੂ ਵਿੱਚ 10 ਮੌਤਾਂ ਦੀ ਰਿਪੋਰਟ ਕੀਤੀ ਸੀ, ਪਰ ਜਾਂਚ ਤੋਂ ਬਾਅਦ, ਮੌਤਾਂ ਦੀ ਗਿਣਤੀ ਘਟਾ ਕੇ 9 ਕਰ ਦਿੱਤੀ ਗਈ। ਪੁਲਸ ਨੇ ਇਹ ਨਹੀਂ ਦੱਸਿਆ ਕਿ ਸ਼ੁਰੂਆਤੀ ਗਲਤੀ ਕਿਵੇਂ ਹੋਈ, ਪਰ ਪੁਸ਼ਟੀ ਕੀਤੀ ਕਿ ਕੁੱਲ ਨੌਂ ਲੋਕ ਮਾਰੇ ਗਏ ਸਨ।

**ਪਰਿਵਾਰ ਦੇ ਘਰ ‘ਤੇ ਪਹਿਲਾਂ ਵੀ ਗਈ ਸੀ ਪੁਲਸ:**

ਬ੍ਰਿਟਿਸ਼ ਕੋਲੰਬੀਆ ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੇ ਕਮਾਂਡਰ ਅਤੇ ਡਿਪਟੀ ਕਮਿਸ਼ਨਰ ਡਵੇਨ ਮੈਕਡੋਨਲਡ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪੁਲਸ ਪਹਿਲਾਂ ਦੋਸ਼ੀ



ਦੇ ਘਰ ਗਈ ਸੀ। ਉਨ੍ਹਾਂ ਕਿਹਾ, “ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਇਸ ਪਰਿਵਾਰ ਦੇ ਘਰ ਪਹਿਲਾਂ ਵੀ ਕਈ ਵਾਰ ਪੁਲਸ ਨੂੰ ਬੁਲਾਇਆ ਗਿਆ ਸੀ। ਇਨ੍ਹਾਂ ਵਿੱਚੋਂ ਕੁਝ ਮਾਮਲੇ ਮਾਨਸਿਕ ਸਿਹਤ ਮੁੱਦਿਆਂ ਨਾਲ ਸਬੰਧਤ ਸਨ।“ ਹਾਲਾਂਕਿ, ਉਨ੍ਹਾਂ ਇਹ ਨਹੀਂ ਦੱਸਿਆ ਕਿ ਕੀ ਉਹ ਸ਼ਿਕਾਇਤਾਂ ਸਿੱਧੇ ਤੌਰ ‘ਤੇ ਸਕੂਲ ਹਮਲੇ ਨਾਲ ਸਬੰਧਤ ਸਨ।

**ਪੀਐੱਮ ਮਾਰਕ ਕਾਰਨੀ ਦਾ ਬਿਆਨ:**

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਘਟਨਾ ਤੋਂ ਬਾਅਦ ਬਹੁਤ ਭਾਵੁਕ ਹੋ ਗਏ। ਉਨ੍ਹਾਂ ਨੇ ਇਸ ਨੂੰ “ਭਿਆਨਕ ਅਤੇ ਦਿਲ ਦਹਿਲਾਉਣ ਵਾਲੀ ਘਟਨਾ” ਦੱਸਿਆ। ਉਨ੍ਹਾਂ ਕਿਹਾ ਕਿ ਇਹ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਦੁਖਦਾਈ ਦਿਨਾਂ ਵਿੱਚੋਂ ਇੱਕ ਸੀ ਅਤੇ ਦੇਸ਼ ਇਸ ਦੁਖਾਂਤ ਨੂੰ ਦੂਰ ਕਰਨ ਲਈ ਮਿਲ ਕੇ ਕੰਮ ਕਰੇਗਾ। ਉਨ੍ਹਾਂ ਨੇ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ।

**ਕੈਨੇਡਾ ‘ਚ ਬੰਦੂਕ ਕਾਨੂੰਨ ਸਖ਼ਤ, ਫਿਰ ਵੀ ਹੋਇਆ ਹਮਲਾ:**

ਇਸ ਗੋਲੀਬਾਰੀ ਨੂੰ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਘਾਤਕ ਸਕੂਲ ਹਮਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਕੈਨੇਡਾ ਵਿੱਚ ਸੰਯੁਕਤ ਰਾਜ ਅਮਰੀਕਾ ਨਾਲੋਂ ਬਹੁਤ ਸਖ਼ਤ ਬੰਦੂਕ ਕਾਨੂੰਨ ਹਨ। ਇੱਥੇ, ਆਮ ਨਾਗਰਿਕਾਂ ਨੂੰ ਹਥਿਆਰ ਰੱਖਣ ਲਈ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਸਖਤ ਜਾਂਚਾਂ ਹੁੰਦੀਆਂ ਹਨ ਅਤੇ ਨਿਯਮ ਸਖ਼ਤ ਹੁੰਦੇ ਹਨ। ਇਸ ਦੇ ਬਾਵਜੂਦ ਅਜਿਹੀ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ।

SABZI MANDI SUPERMARKET



Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਡੋਵਾਲ ਦੀ ਫੇਰੀ ਅਤੇ ਨਵੀਂ ਸ਼ੁਰੂਆਤ- ਕੜਵਾਹਟ ਹੋਵੇਗੀ ਖ਼ਤਮ ?

**ਓਟਾਵਾ**: ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਕੜਵਾਹਟ ਹੁਣ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਓਟਾਵਾ ਫੇਰੀ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਇੱਕ 'ਟਰਨਿੰਗ ਪੁਆਇੰਟ' ਮੰਨਿਆ ਜਾ ਰਿਹਾ ਹੈ।



ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ 8 ਫਰਵਰੀ ਨੂੰ ਓਟਾਵਾ ਵਿੱਚ ਆਪਣੀ ਕੈਨੇਡੀਅਨ ਹਮਰੁਤਬਾ ਨਥਾਲੀ ਡਰੋਇਨ ਨਾਲ ਮੁਲਾਕਾਤ ਕੀਤੀ। 2023 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਏ ਤਣਾਅ ਤੋਂ ਬਾਅਦ ਇਹ ਪਹਿਲੀ ਉੱਚ-ਪੱਧਰੀ ਸੁਰੱਖਿਆ ਗੱਲਬਾਤ ਹੈ। ਹੁਣ ਕੈਨੇਡਾ ਵਿੱਚ ਮਾਰਕ ਕਾਰਨੀ ਦੀ ਨਵੀਂ ਲੀਡਰਸ਼ਿਪ ਹੇਠ ਦੋਵੇਂ ਦੇਸ਼ ਪੁਰਾਣੇ ਵਿਵਾਦਾਂ ਨੂੰ ਪਿੱਛੇ ਛੱਡ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੇ ਹਨ।

**ਮੀਟਿੰਗ ਦੇ ਅਹਿਮ ਫੈਸਲੇ:**

ਸਾਂਝੀ ਕਾਰਜ ਯੋਜਨਾ (ਜ਼ੌਨਿਟ ਅਚਟਿਨ ਫਲਓਨ): ਦੋਵੇਂ ਦੇਸ਼ ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੇ ਮੁੱਦਿਆਂ 'ਤੇ ਸਹਿਯੋਗ ਕਰਨ ਲਈ ਇੱਕ ਸਾਂਝੀ ਯੋਜਨਾ 'ਤੇ ਸਹਿਮਤ ਹੋਏ ਹਨ।

ਸੰਪਰਕ ਅਧਿਕਾਰੀਆਂ ਦੀ ਨਿਯੁਕਤੀ: ਭਾਰਤ ਅਤੇ ਕੈਨੇਡਾ ਇੱਕ-ਦੂਜੇ ਦੇ ਦੇਸ਼ਾਂ ਵਿੱਚ ਸੁਰੱਖਿਆ 'ਲਾਈਜ਼ਨ ਅਫ਼ਸਰ' ਨਿਯੁਕਤ ਕਰਨਗੇ, ਤਾਂ ਜੋ ਸੁਰੱਖਿਆ ਏਜੰਸੀਆਂ ਵਿਚਕਾਰ ਸਿੱਧਾ ਤਾਲਮੇਲ ਹੋ ਸਕੇ।

ਸਾਈਬਰ ਸੁਰੱਖਿਆ: ਦੋਵੇਂ ਪੱਖ ਸਾਈਬਰ ਖ਼ਤਰਿਆਂ ਅਤੇ ਧੋਖਾਧੜੀ ਵਿਰੁੱਧ ਜਾਣਕਾਰੀ ਸਾਂਝੀ ਕਰਨ ਲਈ ਰਸਮੀ ਤੌਰ 'ਤੇ ਵਚਨਬੱਧ ਹੋਏ ਹਨ।

**ਖਾਲਿਸਤਾਨ ਦਾ ਮੁੱਦਾ ਅਤੇ ਭਾਰਤ ਦੀਆਂ ਚਿੰਤਾਵਾਂ:**

ਅਜੀਤ ਡੋਵਾਲ ਨੇ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਕੈਨੇਡਾ ਵਿੱਚ ਸਰਗਰਮ ਖਾਲਿਸਤਾਨੀ ਸਮੂਹਾਂ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਕੈਨੇਡੀਅਨ ਅਧਿਕਾਰੀਆਂ ਨਾਲ ਹੇਠ ਲਿਖੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ:

ਪ੍ਰਵਾਸੀਆਂ ਦੇ ਅੰਦਰ ਕੱਟੜਪੰਥੀ ਫੰਡ ਇਕੱਠਾ ਕਰਨਾ।:

ਭਾਰਤੀ ਡਿਪਲੋਮੈਟਾਂ ਨੂੰ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਅਤੇ ਪ੍ਰਚਾਰ।

**ਦਸਤਾਵੇਜ਼ੀ ਧੋਖਾਧੜੀ ਅਤੇ ਜਬਰੀ ਵਸੂਲੀ:**

ਕੈਨੇਡਾ ਦਾ ਬਦਲਿਆ ਰੁਖ: ਸਭ ਤੋਂ ਮਹੱਤਵਪੂਰਨ ਗੱਲ ਇਹ ਰਹੀ ਕਿ ਕੈਨੇਡੀਅਨ ਸਰਕਾਰ ਨੇ ਸਵੀਕਾਰ ਕੀਤਾ ਕਿ ਭਾਰਤ ਨੂੰ ਨਿਸ਼ਾਨਾ ਬਣਾਉਣ ਵਾਲਾ ਹਿੰਸਕ ਕੱਟੜਪੰਥ ਸਿਰਫ਼ ਇੱਕ ਕੂਟਨੀਤਕ ਮੁੱਦਾ ਨਹੀਂ, ਸਗੋਂ ਖ਼ੁਦ ਕੈਨੇਡਾ ਦੀ ਜਨਤਕ ਸੁਰੱਖਿਆ ਲਈ ਵੀ ਇੱਕ ਵੱਡਾ ਖ਼ਤਰਾ ਹੈ।

**ਅੱਗੇ ਕੀ ਹੋਵੇਗਾ?**

ਇਹ ਮੀਟਿੰਗ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਲੇ ਮਹੀਨੇ ਹੋਣ ਵਾਲੀ ਭਾਰਤ ਫੇਰੀ ਦੀ ਨੀਂਹ ਰੱਖ ਰਹੀ ਹੈ। ਜੇਕਰ ਕੈਨੇਡਾ ਆਪਣੀ ਧਰਤੀ 'ਤੇ ਭਾਰਤ ਵਿਰੋਧੀ ਗਤੀਵਿਧੀਆਂ ਵਿਰੁੱਧ ਠੋਸ ਕਾਰਵਾਈ ਕਰਦਾ ਹੈ, ਤਾਂ ਰਿਸ਼ਤਿਆਂ ਵਿੱਚੋਂ 'ਖਾਲਿਸਤਾਨ ਦਾ ਕੰਡਾ' ਹਮੇਸ਼ਾ ਲਈ ਦੂਰ ਹੋ ਸਕਦਾ ਹੈ।

# 26 ਘੰਟੇ ਟਰੱਕ ਚਲਾਉਣ ਕਾਰਨ ਵਾਪਰਿਆ ਹਾਦਸਾ! ਪੰਜਾਬੀ ਨੌਜਵਾਨ ਨੇ ਕੈਨੇਡਾ 'ਚ ਕਬੂਲਿਆ ਆਪਣਾ ਗੁਨਾਹ



ਸਾਲ 2023 ਵਿੱਚ ਕੈਨੇਡਾ ਦੇ ਓਂਟਾਰੀਓ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ, ਜਿਸ ਵਿੱਚ ਓਲੰਪਿਕ ਫਿਗਰ ਸਕੇਟਰ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ, ਭਾਰਤੀ ਮੂਲ ਦੇ ਟਰੱਕ ਡਰਾਈਵਰ ਸੁਖਵਿੰਦਰ ਸਿੱਧੂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। 31 ਸਾਲਾ ਸੁਖਵਿੰਦਰ ਸਿੱਧੂ 'ਤੇ ਖ਼ਤਰਨਾਕ ਡਰਾਈਵਿੰਗ ਰਾਹੀਂ ਮੌਤ ਦਾ ਕਾਰਨ ਬਣਨ ਦੇ ਦੋਸ਼ ਲੱਗੇ ਸਨ ।

ਜਾਂਚ ਵਿੱਚ ਸਾਹਮਣੇ ਆਇਆ ਕਿ ਹਾਦਸੇ ਦੇ ਸਮੇਂ ਸੁਖਵਿੰਦਰ ਸਿੱਧੂ ਲਗਾਤਾਰ 26 ਘੰਟਿਆਂ ਤੋਂ ਟਰੱਕ ਚਲਾ ਰਿਹਾ ਸੀ, ਜੋ ਕਿ ਕਾਨੂੰਨੀ ਨਿਯਮਾਂ ਦੀ ਉਲੰਘਣਾ ਹੈ। ਇਸ ਦੌਰਾਨ ਉਨ੍ਹਾਂ ਦੇ ਟਰੱਕ ਦੀ ਇਕ ਕਾਰ ਨਾਲ ਜ਼ਬਰਦਸਤ ਟੱਕਰ ਹੋ ਗਈ, ਜਿਸ 'ਚ 31 ਸਾਲਾ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ, ਜੋ ਕਿ ਸਾਬਕਾ ਓਲੰਪਿਕ ਫਿਗਰ ਸਕੇਟਰ ਸੀ। ਹਾਦਸੇ ਵੇਲੇ ਉਸ ਦਾ ਛੋਟਾ ਬੱਚਾ ਵੀ ਕਾਰ ਵਿੱਚ ਸੀ, ਜੋ ਕਿ ਚਮਤਕਾਰੀ ਢੰਗ ਨਾਲ ਬਚ ਗਿਆ।

ਸੁਖਵਿੰਦਰ ਸਿੱਧੂ ਨੇ ਇਸ ਮਹੀਨੇ ਸ਼ੁਰੂ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਹੀ ਆਪਣੀ ਗ਼ਲਤੀ ਮੰਨ ਲਈ ਹੈ। ਕੈਨੇਡਾ ਦੇ ਕਾਨੂੰਨ ਮੁਤਾਬਕ ਵਪਾਰਕ ਵਾਹਨ ਚਲਾਉਣ ਵਾਲਿਆਂ ਲਈ ਆਰਾਮ ਦੇ ਨਿਯਮ ਬਹੁਤ ਸਖ਼ਤ ਹਨ। ਲਗਾਤਾਰ 26 ਘੰਟੇ ਬਿਨਾਂ ਆਰਾਮ ਕੀਤੇ ਗੱਡੀ ਚਲਾਉਣਾ ਇਸ ਘਾਤਕ ਹਾਦਸੇ ਦਾ ਮੁੱਖ ਕਾਰਨ ਬਣਿਆ। ਸਿੱਧੂ ਵੱਲੋਂ ਗੁਨਾਹ ਕਬੂਲਣ ਤੋਂ ਬਾਅਦ ਹੁਣ ਅਦਾਲਤ ਵੱਲੋਂ ਉਸ ਨੂੰ ਸਖ਼ਤ ਸਜ਼ਾ ਸੁਣਾਈ ਜਾ ਸਕਦੀ ਹੈ।



# PUNJABI JOURNAL

Volume: 19, Issue: 07 || Ph: 604-312-5678 || Friday, February 13, 2026


## ਪਿਕਸ ਸੋਸਾਇਟੀ ਨੇ 'ਗੁਰੂ ਨਾਨਕ ਡਾਇਵਰਸਿਟੀ ਵਿਲੇਜ' ਲਈ 'ਔਪਟੀਮਾ ਲਿਵਿੰਗ' ਨੂੰ ਮੈਨੇਜਮੈਂਟ ਪਾਰਟਨਰ ਨਿਯੁਕਤ ਕੀਤਾ



**ਸਰੀ**, (ਹਰਦਮ ਮਾਨ)- ਸਰੀ ਦੀ ਨਾਮਵਰ ਗੈਰ-ਲਾਭਕਾਰੀ ਸੰਸਥਾ 'ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼' (ਪਿਕਸ) ਸੋਸਾਇਟੀ ਨੇ ਆਪਣੇ ਆਉਣ ਵਾਲੇ 125 ਬਿਸਤਰਿਆਂ ਵਾਲੇ ਲੌਂਗ-ਟਰਮ ਕੇਅਰ ਫੈਸਿਲਿਟੀ, ਗੁਰੂ ਨਾਨਕ ਡਾਇਵਰਸਿਟੀ ਵਿਲੇਜ ਦੇ ਸੰਚਾਲਨ ਲਈ 'ਔਪਟੀਮਾ ਲਿਵਿੰਗ' ਨੂੰ ਅਧਿਕਾਰਤ ਮੈਨੇਜਮੈਂਟ ਪਾਰਟਨਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਹ ਪ੍ਰੋਜੈਕਟ ਖਾਸ ਤੌਰ 'ਤੇ ਦੱਖਣੀ ਏਸ਼ੀਆਈ ਬਜ਼ੁਰਗਾਂ ਦੀਆਂ ਸੱਭਿਆਚਾਰਕ ਅਤੇ ਸਮਾਜਿਕ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। 1987 ਤੋਂ ਬੀ.ਸੀ. ਵਿੱਚ ਵੱਖ ਵੱਖ ਭਾਈਚਾਰਿਆਂ ਦੀ ਸੇਵਾ ਕਰ ਰਹੀ ਹੈ ਪਿਕਸ ਸੋਸਾਇਟੀ ਵੱਲੋਂ ਕਲੋਵਰਡੇਲ (6471 - 175ਏ ਸਟਰੀਟ, ਸਰੀ) ਵਿਖੇ ਇਸ ਵਿਸ਼ੇਸ਼ ਸਹੂਲਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਹ ਸੈਂਟਰ ਬਜ਼ੁਰਗਾਂ ਦੀ ਸੱਭਿਆਚਾਰਕ ਪਛਾਣ, ਭਾਸ਼ਾ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਦੇ ਹੋਏ ਇੱਕ ਸੁਰੱਖਿਅਤ ਅਤੇ ਸਰਬ ਸਾਂਝਾ ਮਾਹੌਲ ਪ੍ਰਦਾਨ ਕਰੇਗਾ। ਉਮੀਦ ਹੈ ਕਿ 2027 ਦੇ ਸ਼ੁਰੂ ਵਿੱਚ ਇੱਥੇ ਪਹਿਲੇ ਨਿਵਾਸੀਆਂ ਦਾ ਸੁਆਗਤ ਕੀਤਾ ਜਾਵੇਗਾ।

ਇਸ ਮੌਕੇ ਪਿਕਸ ਸੋਸਾਇਟੀ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਸਤਬੀਰ ਸਿੰਘ ਚੀਮਾ ਨੇ ਕਿਹਾ ਕਿ ਅਸੀਂ ਪੱਛਮੀ ਕੈਨੇਡਾ ਵਿੱਚ ਬਜ਼ੁਰਗਾਂ ਦੀ ਸੰਭਾਲ ਦੇ ਖੇਤਰ ਵਿੱਚ ਮੋਹਰੀ ਸੰਸਥਾ 'ਔਪਟੀਮਾ ਲਿਵਿੰਗ' ਨਾਲ ਭਾਈਵਾਲੀ ਕਰਕੇ ਬਹੁਤ ਖੁਸ਼ ਹਾਂ। ਉਹਨਾਂ ਦੀ ਕਦਰਾਂ-ਕੀਮਤਾਂ 'ਤੇ ਅਧਾਰਿਤ ਅਤੇ ਵਿਅਕਤੀਗਤ ਸੰਭਾਲ ਪ੍ਰਤੀ ਵਚਨਬੱਧਤਾ ਉਹਨਾਂ ਨੂੰ ਗੁਰੂ ਨਾਨਕ ਡਾਇਵਰਸਿਟੀ ਵਿਲੇਜ ਲਈ ਇੱਕ ਆਦਰਸ਼ ਭਾਈਵਾਲ ਬਣਾਉਂਦੀ ਹੈ। ਔਪਟੀਮਾ ਲਿਵਿੰਗ ਦੇ ਸਹਿ-ਸੰਸਥਾਪਕ ਅਤੇ ਪ੍ਰਿੰਸੀਪਲ ਫਰੀਦ ਦਮਜੀ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਬਿਹਤਰ ਦੇਖਭਾਲ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਉਹਨਾਂ ਲੋਕਾਂ ਅਤੇ ਸੱਭਿਆਚਾਰਾਂ ਨੂੰ ਸਮਝਦੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਅਸੀਂ ਪਿਕਸ ਸੋਸਾਇਟੀ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਅਤੇ ਬਜ਼ੁਰਗਾਂ ਨੂੰ ਮਾਣ, ਸਤਿਕਾਰ ਅਤੇ ਅਪਣੱਤ ਮਹਿਸੂਸ ਕਰਵਾਉਣ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਮਾਣ ਮਹਿਸੂਸ ਕਰਦੇ ਹਾਂ।

ਜ਼ਿਕਰਯੋਗ ਹੈ ਕਿ 2007 ਵਿੱਚ ਸਥਾਪਿਤ ਹੋਈ 'ਔਪਟੀਮਾ ਲਿਵਿੰਗ' ਅੱਜ ਪੱਛਮੀ ਕੈਨੇਡਾ ਦੀਆਂ ਚੋਟੀ ਦੀਆਂ ਸੰਸਥਾਵਾਂ ਵਿੱਚੋਂ ਇੱਕ ਹੈ ਜੋ ਅਲਬਰਟਾ ਅਤੇ ਬੀ.ਸੀ. ਵਿੱਚ 4300 ਤੋਂ ਵੱਧ ਬਜ਼ੁਰਗਾਂ ਨੂੰ ਸੁਤੰਤਰ ਰਹਿਣ ਸਹਿਣ ਅਤੇ ਲੌਂਗ-ਟਰਮ ਕੇਅਰ ਵਰਗੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਉਹਨਾਂ ਦਾ ਆਪਣਾ ਵਿਸ਼ੇਸ਼ 'ਸਪਾਰਕ' ਬ੍ਰੇਨ ਹੈਲਥ ਮਾਡਲ ਵੀ ਬਹੁਤ ਮਕਬੂਲ ਹੈ। ਇਹ ਭਾਈਵਾਲੀ ਸਰੀ ਦੇ ਬਜ਼ੁਰਗਾਂ ਲਈ ਇੱਕ ਉੱਚ-ਪੱਧਰੀ, ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਅਨੁਕੂਲ ਨਿਵਾਸ ਸਥਾਨ ਮੁਹੱਈਆ ਕਰਵਾਉਣ ਵੱਲ ਇੱਕ ਵੱਡਾ ਕਦਮ ਹੈ।

## ਸਰੀ ਪੁਲੀਸ ਨੇ ਪੰਜਾਬੀ 'ਚ ਕੀਤੀ ਨੌਜਵਾਨਾਂ ਨੂੰ ਅਪੀਲ



**ਸਰੀ**: ਕੈਨੇਡਾ 'ਚ ਲਗਾਤਾਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੇ ਵਾਰਦਾਤਾਂ 'ਚ ਪੰਜਾਬੀ ਨੌਜਵਾਨਾਂ ਦਾ ਨਾਂ ਸਾਹਮਣੇ ਆਉਣ ਦੇ ਸਿਲਸਿਲੇ ਦੌਰਾਨ ਸਰੀ ਪੁਲਸ ਨੇ ਇਕ ਵੀਡੀਓ ਸਾਂਝੀ ਕੀਤੀ ਹੈ। ਇਸ ਵੀਡੀਓ 'ਚ ਸਰੀ ਪੁਲਸ ਦੇ ਕਾਂਸਟੇਬਲ ਅਮਤਿਜੋਤ ਮਾਨ ਨੇ ਪੰਜਾਬੀ ਭਾਸ਼ਾ 'ਚ ਨੌਜਵਾਨਾਂ ਨੂੰ ਖ਼ਾਸ ਅਪੀਲ ਕੀਤੀ ਹੈ ਕਿ ਉਹ ਇੱਥੇ ਆਪਣਾ ਭਵਿੱਖ ਬਣਾਉਣ ਲਈ ਆਏ ਹਨ ਤੇ ਕੁਝ ਪੈਸਿਆਂ ਦੇ ਲਾਲਚ 'ਚ ਆ ਕੇ ਅਜਿਹੇ ਮਾੜੇ ਕੰਮ ਨਾ ਕਰਨ।

ਉਨ੍ਹਾਂ ਨੇ ਖਾਸ ਤੌਰ 'ਤੇ ਨੌਜਵਾਨਾਂ ਅਤੇ ਨਵੇਂ ਆਏ ਪ੍ਰਵਾਸੀਆਂ ਨੂੰ ਅਪਰਾਧਿਕ ਗਤੀਵਿਧੀਆਂ, ਜਿਵੇਂ ਕਿ ਪੈਸੇ ਦੀ ਵਸੂਲੀ ਲਈ ਕਿਸੇ ਦੇ ਘਰ ਜਾਂ ਕਾਰੋਬਾਰ 'ਤੇ ਗੋਲੀਆਂ ਚਲਾਉਣ ਜਾਂ ਧਮਕੀ ਭਰੇ ਸੁਨੇਹੇ ਮੈਸੇਜ ਭੇਜਣ ਵਰਗੇ ਜਾਲ ਵਿੱਚ ਨਾ ਫਸਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪੁਲਸ ਵੱਲੋਂ ਚਿਤਾਵਨੀ ਦਿੱਤੀ ਹੈ ਕਿ ਨੌਜਵਾਨਾਂ ਨੂੰ ਥੋੜ੍ਹੇ ਜਿਹੇ ਪੈਸਿਆਂ ਦੇ ਬਦਲੇ ਬਹੁਤ ਵੱਡਾ ਖ਼ਤਰਾ ਮੁੱਲ ਲੈਣ ਲਈ ਕਿਹਾ ਜਾਂਦਾ ਹੈ, ਜੋ ਨਾ ਸਿਰਫ਼ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਅਪਰਾਧ ਕਰਨ ਵਾਲੇ ਲਈ ਜੇਲ੍ਹ ਜਾਣ ਅਤੇ ਕੈਨੇਡਾ ਤੋਂ ਕੱਢੇ ਜਾਣ ਤੱਕ ਦਾ ਕਾਰਨ ਵੀ ਬਣ ਸਕਦਾ ਹੈ।

ਪੁਲਸ ਅਨੁਸਾਰ, ਪ੍ਰਵਾਸੀ ਕੈਨੇਡਾ ਵਿੱਚ ਬਿਹਤਰ ਜ਼ਿੰਦਗੀ ਅਤੇ ਪੜ੍ਹਾਈ ਲਈ ਆਏ ਹਨ, ਗੈਂਗਸਟਰ ਬਣਨ ਜਾਂ ਵਾਰਦਾਤਾਂ ਕਰਨ ਨਹੀਂ। ਅਪਰਾਧਿਕ ਕੰਮਾਂ ਵਿੱਚ ਸ਼ਾਮਲ ਹੋਣਾ ਉਨ੍ਹਾਂ ਦੇ ਪਰਿਵਾਰਾਂ ਅਤੇ ਸਪਾਂਸਰਾਂ ਲਈ ਵੱਡੀ ਬੇਇੱਜ਼ਤੀ ਅਤੇ ਨਿਰਾਸ਼ਾ ਦਾ ਸਬੱਬ ਬਣਦਾ ਹੈ, ਜਿਨ੍ਹਾਂ ਨੇ ਉਨ੍ਹਾਂ ਦੇ ਸੁਪਨਿਆਂ ਲਈ ਕੁਰਬਾਨੀਆਂ ਕੀਤੀਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਰੀ ਵਿੱਚ ਐਕਸਟਾਰਸ਼ਨ ਕਾਲਜ਼ ਨੂੰ ਰੋਕਣ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਸਾਂਝੀ ਕਰਨ ਲਈ ਢਾਈ ਲੱਖ ਡਾਲਰ (250,000 ਡਾਲਰ) ਦਾ ਇਨਾਮੀ ਫੰਡ ਉਪਲਬਧ ਕਰਵਾਇਆ ਗਿਆ ਹੈ। ਜੇਕਰ ਕਿਸੇ ਨੂੰ ਮਦਦ ਦੀ ਲੋੜ ਹੈ ਜਾਂ ਉਹ ਗੁਪਤ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹੈ, ਤਾਂ ਉਹ ਸਰੀ ਐਕਸਟੋਰਸ਼ਨ ਟਿਪਲਾਈਨ 236-485-1891 'ਤੇ ਕਾਲ ਕਰ ਸਕਦਾ ਹੈ। ਪੁਲਸ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧ ਦੇ ਇਸ ਰਸਤੇ 'ਤੇ ਚੱਲਣਾ ਕਿਸੇ ਵੀ ਕੀਮਤ 'ਤੇ ਫਾਇਦੇਮੰਦ ਨਹੀਂ ਹੈ ਅਤੇ ਲੋਕਾਂ ਨੂੰ ਇਸ ਜਾਲ 'ਚ ਨਹੀਂ ਫਸਣਾ ਚਾਹੀਦਾ।


WCC

WESTERN COMMUNITY COLLEGE

JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD



APPLY NOW: WCC.CA

# ਕੈਨੇਡਾ ਨੇ ਬਦਲੇ ਸਟਡੀ ਵੀਜ਼ਾ ਅਤੇ ਵਰਕ ਪਰਮਿਟ ਨਿਯਮ




**ਟੋਰਾਂਟੋ** : ਕੈਨੇਡਾ ਸਰਕਾਰ ਵੱਲੋਂ ਸਟੱਡੀ ਵੀਜ਼ਾ ਸ਼ਰਤਾਂ ਅਤੇ ਵਰਕ ਪਰਮਿਟ ਨਿਯਮਾਂ ਵਿਚ ਤਬਦੀਲੀ ਦਾ ਐਲਾਨ ਕੀਤਾ ਗਿਆ ਹੈ। ਜੀ ਹਾਂ ਇੰਟਰਨੈਸ਼ਨਲ ਸਟੂਡੈਂਟਸ ਦੀ ਘਟਦੀ ਗਿਣਤੀ ਅਤੇ ਲੱਖਾਂ ਨੌਜਵਾਨਾਂ ਦੇ ਵਰਕ ਪਰਮਿਟ ਐਕਸਪਾਇਰ ਹੋਣ ਮਗਰੋਂ ਚੁੱਪ ਚਪੀਤੇ ਤਬਦੀਲੀਆਂ ਕਰ ਦਿਤੀਆਂ ਗਈਆਂ ਜਿਨ੍ਹਾਂ ਤਹਿਤ ਕਾਗਜ਼ੀ ਕਾਰਵਾਈ ਵੀ ਘਟਾਈ ਗਈ ਹੈ। ਸਟੱਡੀ ਵੀਜ਼ਾ ਲਈ 2024 ਤੋਂ ਲਾਗੂ ਨਿਯਮ ਖ਼ਤਮ ਕਰ ਦਿਤਾ ਗਿਆ ਹੈ ਜਿਸ ਤਹਿਤ ਵੱਖ ਵੱਖ ਰਾਜਾਂ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿਚ ਕਰਵਾਏ ਜਾ ਰਹੇ ਇਕ ਡਿਗਰੀ ਕੋਰਸ ਵਾਸਤੇ ਵੱਖੋ ਵੱਖਰੇ ਪ੍ਰੋਵਿਨਸ਼ੀਅਲ ਅਟੈਸਟੇਸ਼ਨ ਲੈਟਰ ਜਾਂ ਟੈਰੀਟੋਰੀਅਲ ਅਟੈਸਟੇਸ਼ਨ ਲੈਟਰ ਅਰਜ਼ੀ ਨਾਲ ਨੱਥੀ ਕਰਨੇ ਲਾਜ਼ਮੀ ਸਨ ਪਰ ਨਵੇਂ ਨਿਯਮਾਂ ਤਹਿਤ ਸਿਰਫ਼ ਇਕ ਪ੍ਰੋਵਿਨਸ਼ੀਅਲ ਅਟੈਸਟੈਸ਼ਨ ਲੈਟਰ ਕਾਫ਼ੀ ਹੋਵੇਗਾ। ਇੰਮੀਗੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੇ ਦੱਸਿਆ ਨਵੇਂ ਨਿਯਮਾਂ ਤਹਿਤ ਮਾਸਟਰਜ਼ ਅਤੇ ਡੌਕਟੋਰਲ ਪ੍ਰੋਗਰਾਮਾਂ ਨੂੰ ਇਕੋ ਪੱਧਰ ਦਾ ਮੰਨਿਆ ਜਾਵੇਗਾ ਅਤੇ ਇਨ੍ਹਾਂ ਵਾਸਤੇ ਪ੍ਰੋਵਿਨਸ਼ੀਅਲ ਜਾਂ ਟੈਰੀਟੋਰੀਅਲ ਅਟੈਸਟੇਸ਼ਨ ਲੈਟਰ ਲਾਜ਼ਮੀ ਨਹੀਂ। ਜੇ ਕੋਈ ਇੰਟਰਨੈਸ਼ਨਲ ਸਟੂਡੈਂਟ ਆਪਣੇ ਸਟੱਡੀ ਵੀਜ਼ਾ ਦੀ ਮਿਆਦ ਵਧਾਉਣਾ ਚਾਹੁੰਦਾ ਹੈ ਅਤੇ ਉਸੇ ਵਿਦਿਅਕ ਅਦਾਰੇ ਵਿਚ ਦਾਖਲਾ ਲੈ ਰਿਹਾ ਹੈ ਤਾਂ ਇਥੇ ਵੀ ਪ੍ਰੋਵਿਨਸ਼ੀਅਲ ਜਾਂ ਟੈਰੀਟੋਰੀਅਲ ਅਟੈਸਟੇਸ਼ਨ ਲੈਟਰ ਦੀ ਜ਼ਰੂਰਤ ਨਹੀਂ ਹੋਵੇਗੀ।

**ਵੱਖ-ਵੱਖ ਰਾਜਾਂ ਲਈ ਸਿਰਫ਼ ਇਕ ਪੀ.ਏ.ਐਲ. ਹੋਵੇਗਾ ਕਾਫ਼ੀ**

ਇਥੇ ਦਸਣਾ ਬਣਦਾ ਹੈ ਕਿ ਭਾਰਤ ਤੋਂ ਸਟੱਡੀ ਵੀਜ਼ਾ 'ਤੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦੀ ਗਿਣਤੀ ਵਿਚ ਤਿੰਨ ਲੱਖ ਦੀ ਵੱਡੀ ਕਮੀ ਆਈ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਰਾਜ ਸਭਾ ਵਿਚ ਪੇਸ਼ ਅੰਕੜਿਆਂ ਮਤਾਬਕ 2023 ਦੌਰਾਨ 9 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਵਿਦੇਸ਼ਾਂ ਵਿਚ ਦਾਖਲਾ ਲਿਆ ਪਰ 2025 ਵਿਚ ਇਹ ਅੰਕੜਾ ਘਟ ਕੇ ਸਿਰਫ਼ 6 ਲੱਖ 26 ਹਜ਼ਾਰ ਰਹਿ ਗਿਆ। ਗ੍ਰਹਿ ਮੰਤਰਾਲੇ ਦੇ ਬਿਊਰੋ ਆਫ਼ ਮਾਇਗ੍ਰੇਸ਼ਨ ਵੱਲੋਂ ਇਕੱਤਰ ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਵੱਲੋਂ ਸਟੱਡੀ ਵੀਜ਼ਾ ਨਿਯਮ ਸਖ਼ਤ ਕੀਤੇ ਜਾਣ ਅਤੇ ਅਮਰੀਕਾ ਵਿਚ ਡੌਨਲਡ ਟਰੰਪ ਦੇ ਸੱਤਾ ਸੰਭਾਲਣ ਮਗਰੋਂ ਭਾਰਤੀ ਵਿਦਿਆਰਥੀਆਂ ਨੇ ਨੌਰਥ ਅਮੈਰਿਕਾ ਵੱਲ ਜਾਣ ਤੋਂ ਪਾਸਾ ਵੱਟ ਲਿਆ ਹੈ।

ਦੂਜੇ ਪਾਸੇ ਵਰਕ ਪਰਮਿਟ ਨਿਯਮਾਂ ਦਾ ਜ਼ਿਕਰ ਕੀਤਾ ਜਾਵੇ ਤਾਂ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਇੰਟਰਨੈਸ਼ਨਲ ਐਕਸਪੀਰੀਐਂਸ ਕੈਨੇਡਾ ਤਹਿਤ ਵਰਕ ਪਰਮਿਟ 'ਤੇ ਪੁੱਜੇ ਵਿਦੇਸ਼ੀ ਨਾਗਰਿਕਾਂ ਨੂੰ ਮੁਲਕ ਵਿਚ ਮੌਜੂਦਗੀ ਦੌਰਾਨ ਵਰਕ ਪਰਮਿਟ ਨਵਿਆਉਣ ਅਤੇ ਕੈਨੇਡੀਅਨ ਪਤੇ 'ਤੇ ਹਾਸਲ ਕਰਨ ਦੀ ਸਹੂਲਤ ਦਿਤੀ ਗਈ ਹੈ।

**ਕੈਨੇਡਾ 'ਚ ਮੌਜੂਦਗੀ ਦੌਰਾਨ ਵਧਾਈ ਜਾ ਸਕੇਗੀ ਆਈ.ਈ.ਸੀ. ਦੀ ਮਿਆਦ**

ਨਵੀਂ ਨੀਤੀ ਤਹਿਤ ਬਿਨੈਕਾਰ ਕੈਨੇਡਾ ਵਿਚ ਮੌਜੂਦ ਹੋਣਾ ਚਾਹੀਦਾ ਹੈ ਅਤੇ ਲੈਟਰ ਆਫ਼ ਇੰਟਰੋਡਕਸ਼ਨ ਜ਼ਰੂਰ ਹਾਸਲ ਕੀਤਾ ਜਾਵੇ। 23 ਦਸੰਬਰ 2024 ਨੂੰ ਫਲੈਗਪੋੱਲੰਗ ਉਤੇ ਪਾਬੰਦੀ ਲਾਗੂ ਕੀਤੇ ਜਾਣ ਮਗਰੋਂ ਇੰਟਰਨੈਸ਼ਨਲ ਐਕਸਪੀਰੀਐਂਸ ਕੈਨੇਡਾ ਵਾਲੇ ਬਿਨੈਕਾਰਾਂ ਨੂੰ ਮੁਲਕ ਵਿਚ ਮੌਜੂਦਗੀ ਦੌਰਾਨ ਮਿਆਦ ਵਧਾਉਣ ਤੋਂ ਵਾਂਝਾ ਕਰ ਦਿਤਾ ਗਿਆ ਸੀ। 10 ਫ਼ਰਵਰੀ ਨੂੰ ਜਾਰੀ ਨਵੀਆਂ ਹਦਾਇਤਾਂ ਅਧੀਨ ਪੁਰਾਣੀ ਨੀਤੀ ਮੁੜ ਲਾਗੂ ਕੀਤੀ ਗਈ ਹੈ ਜੋ ਬੁਨਿਆਦੀ ਤੌਰ 'ਤੇ 2024 ਦੀ ਬਸੰਤ ਰੁੱਤ ਵਿਚ ਆਰੰਭੀ ਗਈ ਅਤੇ 1 ਦਸੰਬਰ 2025 ਨੂੰ ਇਸ ਦੀ ਮਿਆਦ ਖ਼ਤਮ ਹੋਣੀ ਸੀ।

# ਮੂਸੇਵਾਲਾ ਦੇ ਮਾਪਿਆਂ ਦਾ ਐੱਸ ਐੱਸ ਪੀ ਦਫ਼ਤਰ ਅੱਗੇ ਧਰਨਾ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵੱਲੋਂ ਬਣਾਈਆਂ ਕੰਪਨੀਆਂ ਤੋਂ ਬਕਾਏ ਨਾ ਮਿਲਣ 'ਤੇ ਪੁਲੀਸ ਵਲੋਂ ਕੋਈ ਕਾਰਵਾਈ ਨਾ ਕਰਨ ਦੇ ਰੋਸ ਨੂੰ ਲੈ ਕੇ ਉਸ ਦੇ ਬਜ਼ੁਰਗ ਮਾਪਿਆਂ ਨੇ ਅੱਜ ਇਥੇ ਐੱਸ ਐੱਸ ਪੀ ਦਫ਼ਤਰ ਦੇ ਬਾਹਰ ਧਰਨਾ ਲਾ ਦਿੱਤਾ। ਦਫ਼ਤਰ ਦੇ ਬਾਹਰ ਫਰਸ਼ 'ਤੇ ਬੈਠੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ, ਮਾਤਾ ਚਰਨ ਕੌਰ ਛੋਟੇ ਮੂਸੇਵਾਲਾ (ਬੱਚਾ) ਨੂੰ ਨਾਲ ਲੈ ਕੇ ਪੁਲੀਸ 'ਤੇ ਵਰ੍ਹੇ। ਇਹ ਧਰਨਾ ਉਸ ਸਮੇਂ ਲਾਇਆ ਗਿਆ ਜਦੋਂ ਬਠਿੰਡਾ ਰੇਂਜ ਦੇ ਡੀ ਆਈ ਜੀ ਹਰਜੀਤ ਸਿੰਘ ਇੱਥੇ ਐੱਸ ਐੱਸ ਪੀ ਦਫ਼ਤਰ 'ਚ ਪ੍ਰੈੱਸ ਕਾਨਫਰੰਸ ਕਰ ਰਹੇ ਸਨ।

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਨੇ ਕਿਹਾ ਕਿ 8 ਜੂਨ 2025 ਨੂੰ ਉਨ੍ਹਾਂ ਨੇ ਬਕਾਏ ਲੈਣ ਦੇ ਮਾਮਲੇ ਵਿੱਚ ਉਨ੍ਹਾਂ ਦੇ ਪੁੱਤਰ ਵੱਲੋਂ ਬਣਾਈਆਂ ਕੰਪਨੀਆਂ ਦੇ ਪ੍ਰਬੰਧਕਾਂ 'ਤੇ ਕਾਰਵਾਈ ਕਰਨ ਸਬੰਧੀ ਡੀ ਜੀ ਪੀ ਪੰਜਾਬ ਨੂੰ ਦਰਖਾਸਤ ਦਿੱਤੀ ਸੀ, ਉਹ ਦਰਖਾਸਤ ਮਾਰਕ ਹੋ ਕੇ ਮਾਨਸਾ ਪੁਲੀਸ ਕੋਲ ਪਹੁੰਚੀ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਨੇ 6 ਮਹੀਨਿਆਂ ਵਿਚ ਉਸ ਫਾਈਲ 'ਤੇ ਕੰਮ ਕਰਨਾ ਤਾਂ ਦੂਰ, ਬਲਕਿ ਉਸ ਨੂੰ ਹੱਥ ਤੱਕ ਨਹੀਂ ਲਾਇਆ। ਉਨ੍ਹਾਂ ਕਿਹਾ ਕਿ ਕੰਪਨੀਆਂ ਦੇ ਪ੍ਰਬੰਧਕਾਂ ਵੱਲ ਉਨ੍ਹਾਂ ਦੇ ਮਰਹੂਮ ਪੁੱਤਰ ਦੀ ਕਮਾਈ ਦੇ ਪੈਸੇ ਖੜ੍ਹੇ ਹਨ, ਪਰ ਉਹ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਪੂਰੇ ਤੱਥਾਂ, ਦਸਤਾਵੇਜ਼ਾਂ ਅਤੇ ਰਿਕਾਰਡ ਸਮੇਤ ਉਨ੍ਹਾਂ ਪੁਲੀਸ ਨੂੰ ਸਭ ਕੁੱਝ ਸੌਂਪਿਆ ਹੋਇਆ ਹੈ, ਪਰ ਮਾਨਸਾ ਪੁਲੀਸ ਇਸ 'ਤੇ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪਹਿਲਾਂ ਪੁੱਤਰ ਦੇ ਕਤਲ ਦਾ ਇਨਸਾਫ ਲੈਣ ਲਈ, ਹੁਣ ਆਪਣੇ ਪੁੱਤ ਦੀ ਕਮਾਈ ਦੀ ਰਕਮ ਲੈਣ ਲਈ ਉਹ ਧੱਕੇ ਖਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨਸਾ ਪੁਲੀਸ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਰਹੀ। ਮਰਹੂਮ ਮੂਸੇਵਾਲਾ ਦੇ ਮਾਪਿਆਂ ਨੇ ਪੰਜਾਬ ਸਰਕਾਰ ਖਿਲਾਫ਼ ਰੱਜ ਕੇ ਭੜਾਸ ਕੱਢੀ ਅਤੇ ਕਿਹਾ ਕਿ ਗੈਂਗਸਟਰਾਂ ਨੂੰ ਦਿੱਲੀ ਪੁਲੀਸ ਨੇ ਫੜਿਆ, ਪੰਜਾਬ ਪੁਲੀਸ ਨੇ ਭਜਾ ਦਿੱਤਾ। ਇਸੇ ਦੌਰਾਨ ਡੀ ਆਈ ਜੀ ਬਠਿੰਡਾ ਰੇਂਜ ਹਰਜੀਤ ਸਿੰਘ ਨੇ ਉਨ੍ਹਾਂ ਨੂੰ ਦਫ਼ਤਰ ਬੁਲਾ ਕੇ ਕਾਰਵਾਈ ਦਾ ਭਰੋਸਾ ਦਿੱਤਾ ਅਤੇ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਦਰਖਾਸਤ 'ਤੇ ਪੁਲੀਸ ਵਲੋਂ ਜਲਦੀ ਕਾਰਵਾਈ ਕੀਤੀ ਜਾਵੇਗੀ।

ANSATEL
COMMUNICATIONS

Helping Lower Mainland
Businesses Since 1983

Panasonic
ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

Customized Solutions
to Suit Your Needs.

604-872-6500

2148 Kingsway, Vancouver | www.ansatel.com - info@ansatel.com

24/7
SALES &
SERVICE

# ਕੈਨੇਡਾ ਸਕੂਲ ਗੋਲੀਬਾਰੀ ਦੇ ਸ਼ੱਕੀ ਦੀ ਪਛਾਣ: ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੀ 18 ਸਾਲਾ ਕੁੜੀ ਨਿਕਲੀ ਹਮਲਾਵਰ



ਕੈਨੇਡੀਅਨ ਪੁਲਸ ਨੇ ਮੰਗਲਵਾਰ ਦੀ ਭਿਆਨਕ ਸਕੂਲ ਗੋਲੀਬਾਰੀ ਦੇ ਸ਼ੱਕੀ ਦੀ ਪਛਾਣ ਕਰ ਲਈ ਹੈ। ਜਾਂਚ ਵਿੱਚ ਖੁਲਾਸਾ ਹੋਇਆ ਕਿ ਹਮਲਾਵਰ ਇੱਕ 18 ਸਾਲਾ ਕੁੜੀ ਸੀ, ਜਿਹੜੀ ਲੰਬੇ ਸਮੇਂ ਤੋਂ ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੀ ਸੀ। ਪੁਲਸ ਨੇ ਕਿਹਾ ਕਿ ਸ਼ੱਕੀ ਕੁੜੀ ਦਾ ਨਾਂਅ ਜੈਸੀ ਵੈਨ ਰੂਟਸੇਲਾਰ ਸੀ। ਉਸਨੇ ਗੋਲੀਬਾਰੀ ਤੋਂ ਬਾਅਦ ਆਪਣੇ ਆਪ ਨੂੰ ਗੋਲੀ ਮਾਰ ਲਈ ਅਤੇ ਖੁਦਕੁਸ਼ੀ ਕਰ ਲਈ। ਇਹ ਘਟਨਾ ਕੈਨੇਡਾ ਦੇ ਪ੍ਰਸ਼ਾਂਤ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਇੱਕ ਦੂਰ-ਦੁਰਾਡੇ ਖੇਤਰ ਟੰਬਲਰ ਰਿਜ਼ ਦੇ ਇੱਕ ਸਕੂਲ ਵਿੱਚ ਵਾਪਰੀ।

**ਗੋਲੀਬਾਰੀ 'ਚ ਮਰਨ ਵਾਲਿਆਂ ਦੀ ਗਿਣਤੀ 9 ਹੋਈ**

ਪੁਲਸ ਨੇ ਸ਼ੁਰੂ ਵਿੱਚ 10 ਮੌਤਾਂ ਦੀ ਰਿਪੋਰਟ ਕੀਤੀ ਸੀ, ਪਰ ਜਾਂਚ ਤੋਂ ਬਾਅਦ, ਮੌਤਾਂ ਦੀ ਗਿਣਤੀ ਘਟਾ ਕੇ 9 ਕਰ ਦਿੱਤੀ ਗਈ। ਪੁਲਸ ਨੇ ਇਹ ਨਹੀਂ ਦੱਸਿਆ ਕਿ ਸ਼ੁਰੂਆਤੀ ਗਲਤੀ ਕਿਵੇਂ ਹੋਈ, ਪਰ ਪੁਸ਼ਟੀ ਕੀਤੀ ਕਿ ਕੁੱਲ ਨੌਂ ਲੋਕ ਮਾਰੇ ਗਏ ਸਨ।

**ਪਰਿਵਾਰ ਦੇ ਘਰ 'ਤੇ ਪਹਿਲਾਂ ਵੀ ਗਈ ਸੀ ਪੁਲਸ**

ਬ੍ਰਿਟਿਸ਼ ਕੋਲੰਬੀਆ ਵਿੱਚ ਰਾਇਲ ਕੈਨੇਡੀਅਨ ਮਾਊਂਟੇਡ ਪੁਲਸ ਦੇ ਕਮਾਂਡਰ ਅਤੇ ਡਿਪਟੀ ਕਮਿਸ਼ਨਰ ਡਵੇਨ ਮੈਕਡੋਨਲਡ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਪੁਲਸ ਪਹਿਲਾਂ ਦੋਸ਼ੀ ਦੇ ਘਰ ਗਈ ਸੀ। ਉਨ੍ਹਾਂ ਕਿਹਾ, "ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਇਸ ਪਰਿਵਾਰ ਦੇ ਘਰ ਪਹਿਲਾਂ ਵੀ ਕਈ ਵਾਰ ਪੁਲਸ ਨੂੰ ਬੁਲਾਇਆ ਗਿਆ ਸੀ। ਇਨ੍ਹਾਂ ਵਿੱਚੋਂ ਕੁਝ ਮਾਮਲੇ ਮਾਨਸਿਕ ਸਿਹਤ ਮੁੱਦਿਆਂ ਨਾਲ ਸਬੰਧਤ ਸਨ।" ਹਾਲਾਂਕਿ, ਉਨ੍ਹਾਂ ਇਹ ਨਹੀਂ ਦੱਸਿਆ ਕਿ ਕੀ ਉਹ ਸ਼ਿਕਾਇਤਾਂ ਸਿੱਧੇ ਤੌਰ 'ਤੇ ਸਕੂਲ ਹਮਲੇ ਨਾਲ ਸਬੰਧਤ ਸਨ।

**ਪੀਐੱਮ ਮਾਰਕ ਕਾਰਨੀ ਦਾ ਬਿਆਨ**

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਘਟਨਾ ਤੋਂ ਬਾਅਦ ਬਹੁਤ ਭਾਵੁਕ ਹੋ ਗਏ। ਉਨ੍ਹਾਂ ਨੇ ਇਸ ਨੂੰ "ਭਿਆਨਕ ਅਤੇ ਦਿਲ ਦਹਿਲਾਉਣ ਵਾਲੀ ਘਟਨਾ" ਦੱਸਿਆ। ਉਨ੍ਹਾਂ ਕਿਹਾ ਕਿ ਇਹ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਦੁਖਦਾਈ ਦਿਨਾਂ ਵਿੱਚੋਂ ਇੱਕ ਸੀ ਅਤੇ ਦੇਸ਼ ਇਸ ਦੁਖਾਂਤ ਨੂੰ ਦੂਰ ਕਰਨ ਲਈ ਮਿਲ ਕੇ ਕੰਮ ਕਰੇਗਾ। ਉਨ੍ਹਾਂ ਨੇ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ।

**ਕੈਨੇਡਾ 'ਚ ਬੰਦੂਕ ਕਾਨੂੰਨ ਸਖ਼ਤ, ਫਿਰ ਵੀ ਹੋਇਆ ਹਮਲਾ**

ਇਸ ਗੋਲੀਬਾਰੀ ਨੂੰ ਕੈਨੇਡੀਅਨ ਇਤਿਹਾਸ ਦੇ ਸਭ ਤੋਂ ਘਾਤਕ ਸਕੂਲ ਹਮਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਕੈਨੇਡਾ ਵਿੱਚ ਸੰਯੁਕਤ ਰਾਜ ਅਮਰੀਕਾ ਨਾਲੋਂ ਬਹੁਤ ਸਖ਼ਤ ਬੰਦੂਕ ਕਾਨੂੰਨ ਹਨ। ਇੱਥੇ, ਆਮ ਨਾਗਰਿਕਾਂ ਨੂੰ ਹਥਿਆਰ ਰੱਖਣ ਲਈ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਸਖ਼ਤ ਜਾਂਚਾਂ ਹੁੰਦੀਆਂ ਹਨ ਅਤੇ ਨਿਯਮ ਸਖ਼ਤ ਹੁੰਦੇ ਹਨ। ਇਸ ਦੇ ਬਾਵਜੂਦ ਅਜਿਹੀ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ।

# ਮੁੰਬਈ 'ਚ ਭਾਰਤ ਦੀ ਪਹਿਲੀ ਸੰਗੀਤਕ ਸੜਕ ਬਣ ਕੇ ਤਿਆਰ



**ਮੁੰਬਈ:** ਮੁੰਬਈ ਕੋਸਟਲ ਰੋਡ ਹੁਣ ਨਾ ਸਿਰਫ਼ ਆਪਣੀ ਸੁੰਦਰਤਾ ਲਈ, ਸਗੋਂ ਆਪਣੇ ਸੰਗੀਤ ਲਈ ਵੀ ਜਾਣਿਆ ਜਾਵੇਗਾ। ਭਾਰਤ ਦੀ ਪਹਿਲੀ 'ਸੰਗੀਤਕ ਸੜਕ' ਮਰੀਨ ਡਰਾਈਵ ਅਤੇ ਵਰਲੀ ਵਿਚਕਾਰ ਤਿਆਰ ਹੈ, ਜਿਸਦਾ ਉਦਘਾਟਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕੀਤਾ ਙ ਇਸ ਨਵੀਂ ਪਹਿਲਕਦਮੀ ਨਾਲ, ਮੁੰਬਈ ਦਾ ਬੁਨਿਆਦੀ ਢਾਂਚਾ ਨਵੀਆਂ ਉਚਾਈਆਂ 'ਤੇ ਪਹੁੰਚ ਗਿਆ ਹੈ ਙ ਹੁਣ, ਸੰਗੀਤ ਦੇ ਨਾਲ-ਨਾਲ ਡਰਾਈਵਿੰਗ ਦਾ ਆਨੰਦ ਮਾਣਿਆ ਜਾ ਸਕਦਾ ਹੈ ਜਿਵੇਂ ਹੀ ਤੁਸੀਂ ਨਰੀਮਨ ਪੁਆਇੰਟ ਤੋਂ ਵਰਲੀ ਵੱਲ ਯਾਤਰਾ ਕਰਦੇ ਹੋ, ਤੁਸੀਂ ਸੜਕ 'ਤੇ ਵਿਸ਼ੇਸ਼ ਪੱਟੀਆਂ ਕਾਰਨ ਆਪਣੀ ਗੱਡੀ ਵਿਚ ਫਿਲਮ 'ਸਲੱਮਡੌਗ ਮਿਲੀਨੇਅਰ' ਦਾ ਆਸਕਰ ਜੇਤੂ ਗੀਤ 'ਜੈ ਹੋ' ਵਜਦਾ ਸੁਣੋਗੇ। ਇੱਕੋ ਇੱਕ ਸ਼ਰਤ ਇਹ ਹੈ ਕਿ ਤੁਹਾਡੀ ਗਤੀ 60 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ।

**ਇਹ ਤਕਨਾਲੋਜੀ ਕਿਵੇਂ ਕੰਮ ਕਰਦੀ ਹੈ?**

ਵਰਲੀ ਵਿਚ ਭੂਮੀਗਤ ਸੁਰੰਗ ਤੋਂ ਬਾਹਰ ਨਿਕਲਣ ਤੋਂ ਬਾਅਦ, ਡਿਵਾਈਡਰ ਦੇ ਨੇੜੇ ਪਹਿਲੀ ਲੇਨ 'ਤੇ 500 ਮੀਟਰ ਦੇ ਹਿੱਸੇ 'ਤੇ ਵਿਸ਼ੇਸ਼ ਗਰੂਵ ਬਣਾਏ ਗਏ ਹਨ।

ਇਹ ਕਿਵੇਂ ਕੰਮ ਕਰਦਾ ਹੈ-ਜਦੋਂ ਕੋਈ ਵਾਹਨ 70-80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਇਨ੍ਹਾਂ ਗਰੂਵ (ਰਬਲ ਸਟ੍ਰਿਪਸ) ਤੋਂ ਲੰਘਦਾ ਹੈ, ਤਾਂ ਟਾਇਰਾਂ ਅਤੇ ਸੜਕ ਵਿਚਕਾਰ ਰਗੜ 'ਜੈ ਹੋ' ਗੀਤ ਦੀ ਧੁਨ ਪੈਦਾ ਕਰਦੀ ਹੈ।

ਇੰਜੀਨੀਅਰਿੰਗ ਕਾਰਨਾਮਾ-ਬੀ ਐਮ ਸੀ ਨੇ ਇਹ ਗਰੂਵ ਬਹੁਤ ਹੀ ਸਟੀਕ ਮਾਪ ਅਤੇ ਦੂਰੀ 'ਤੇ ਬਣਾਏ ਹਨ ਤਾਂ ਜੋ ਵਾਹਨ ਲੰਘਦੇ ਸਮੇਂ ਸਹੀ ਧੁੰਨ ਸੁਣਾਈ ਦੇਵੇ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6




Eligible for
3 Years PGWP

Total Duration:
1.5 - 2 Years

Train On
CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

45 Flying Hours
**Private Pilot License**

155 Flying Hours
**Commercial Pilot License**

200 Flying Hours
Graduate with **PPL + CPL Dual Credentials**

WCC

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**

# SA
MEDIA GROUP

**ਪੰਜਾਬੀ ਜਰਨਲ**



DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca



The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**



RETURN UNDELIVERABLE TO CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**


# ਵਿਦੇਸ਼ਾਂ 'ਚ ਭਾਰਤੀਆਂ ਦਾ ਰਹਿਣਾ ਹੁਣ ਖੁਸ਼ਗਵਾਰ ਨਹੀਂ ਰਿਹਾ



ਪਰਵਾਸੀ ਭਾਰਤੀਆਂ ਦੇ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਵਿਚ ਰਹਿਣ 'ਤੇ ਦਿਨ-ਬ-ਦਿਨ ਸਖ਼ਤੀ ਵਰਤੀ ਜਾ ਰਹੀ ਹੈ ਅਤੇ ਉਨ੍ਹਾਂ 'ਤੇ ਵਿਦੇਸ਼ਾਂ 'ਚੋਂ ਕੱਢਣ ਦੀ ਤਲਵਾਰ ਲਟਕ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ ਨਾਲ ਟੈਰਿਫ ਤਣਾਅ ਵਿਚਾਲੇ ਉਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਝਟਕਾ ਦਿੱਤਾ ਹੈ ਜੋ ਉੱਥੋਂ ਦਾ ਵੀਜ਼ਾ ਹਾਸਲ ਕਰਨ ਦੀ ਦੌੜ ਵਿਚ ਹਨ। ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਮੁਤਾਬਕ 2025 ਵਿਚ ਲਗਪਗ 74 ਫ਼ੀਸਦੀ ਭਾਰਤੀਆਂ ਦੀਆਂ ਅਰਜ਼ੀਆਂ ਅਸਵੀਕਾਰ ਕਰ ਦਿੱਤੀਆਂ ਗਈਆਂ ਹਨ। ਜਦਕਿ ਦੋ ਸਾਲ ਪਹਿਲਾਂ ਅਗਸਤ 2023 ਵਿਚ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਕਰਨ ਦਾ ਅੰਕੜਾ 32 ਫ਼ੀਸਦੀ ਸੀ। ਅਮਰੀਕਾ ਵਿਚ ਲੱਖਾਂ ਭਾਰਤੀਆਂ ਦੀ ਨੌਕਰੀ ਨੂੰ ਖ਼ਤਰਾ ਹੈ ਕਿਉਂਕਿ ਟਰੰਪ ਪ੍ਰਸ਼ਾਸਨ ਨੇ ਵਰਕ ਪਰਮਿਟ ਦੇ ਨਿਯਮ ਬਦਲ ਦਿੱਤੇ ਹਨ। ਐੱਚ-1ਬੀ ਵੀਜ਼ੇ ਲਈ ਫੀਸ 'ਚ ਭਾਰੀ ਵਾਧਾ ਕਰ ਦਿੱਤਾ ਹੈ। ਸੰਨ 2022 ਤੱਕ ਅਮਰੀਕਾ 'ਚ ਲਗਪਗ 80 ਲੱਖ ਭਾਰਤੀ ਰਹਿੰਦੇ ਸਨ ਜਿਨ੍ਹਾਂ 'ਚ 66 ਫ਼ੀਸਦੀ ਭਾਰਤੀ ਪਰਵਾਸੀ ਹਨ ਜਦਕਿ 34 ਫ਼ੀਸਦੀ ਅਮਰੀਕਾ 'ਚ ਜਨਮੇ ਹਨ। ਇਸੇ ਤਰ੍ਹਾਂ ਕੈਲੇਫੋਰਨੀਆ ਸਰਕਾਰ ਪਰਵਾਸੀਆਂ ਨੂੰ ਦਿੱਤੇ ਗਏ 17 ਹਜ਼ਾਰ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਰੱਦ ਕਰਨ ਦੀ ਯੋਜਨਾ ਬਣਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਇਨ੍ਹਾਂ ਡਰਾਈਵਰਾਂ ਨੂੰ ਅਮਰੀਕਾ 'ਚ ਕਾਨੂੰਨੀ ਢੰਗ ਨਾਲ ਰਹਿਣ ਦੀ ਇਜਾਜ਼ਤ ਮਿਲਣ ਮਗਰੋਂ ਉਨ੍ਹਾਂ ਦੀ ਸਮਾਪਤੀ ਦੀ ਤਰੀਕ ਲੰਘ ਚੁੱਕੀ ਹੈ। ਅਮਰੀਕਾ ਵਿਚ ਟਰੰਪ ਸਰਕਾਰ ਨੇ 1 ਲੱਖ ਪਰਵਾਸੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ ਜਿਨ੍ਹਾਂ ਵਿਚ 8000 ਵਿਦਿਆਰਥੀ ਹਨ ਅਤੇ ਇਹ ਪਿਛਲੇ ਸਾਲ ਨਾਲੋਂ ਰੱਦ ਕੀਤੇ ਵੀਜ਼ਿਆਂ ਤੋਂ ਦੁੱਗਣਾ ਅੰਕੜਾ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ 12 ਸਤੰਬਰ 2025 ਨੂੰ ਸੰਸਦ ਨੂੰ ਸੂਚਿਤ ਕੀਤਾ ਸੀ ਕਿ ਸਰਕਾਰ ਵੱਖ-ਵੱਖ ਦੇਸ਼ਾਂ ਤੋਂ ਮ੍ਰਿਤਕ ਦੇਹਾਂ ਦਾ ਪੂਰਾ ਡਾਟਾ ਰੱਖਦੀ ਹੈ ਅਤੇ 5897 ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਵਿਦੇਸ਼ਾਂ ਤੋਂ ਲਿਆਂਦੀਆਂ ਜਾ ਚੁੱਕੀਆਂ ਹਨ।

ਵਿਦੇਸ਼ਾਂ ਵਿਚ ਭਾਰਤੀਆਂ ਨਾਲ ਘਿਨੌਣਾ ਵਰਤਾਅ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਦੇਸ਼ੋਂ ਕੱਢਣ ਦਾ ਡਰਾਵਾ ਦੇ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਫਿਰ ਵੀ ਪਰਵਾਸੀ ਭਾਰਤੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ ਅਤੇ ਉਹ ਵੱਡੀ ਗਿਣਤੀ 'ਚ ਮੌਤ ਦੇ ਮੂੰਹ 'ਚ ਜਾ ਰਹੇ ਹਨ।

ਕਈ ਸਰਕਾਰਾਂ ਗ਼ੈਰ-ਕਾਨੂੰਨੀ ਪਰਵਾਸੀ ਭਾਰਤੀਆਂ ਨੂੰ ਆਪਣੇ ਦੇਸ਼ਾਂ ਵਿੱਚੋਂ ਕੱਢਣ ਲਈ ਨਵੀਆਂ ਤੋਂ ਨਵੀਆਂ ਸਾਜ਼ਿਸ਼ਾਂ ਘੜ ਰਹੀਆਂ ਹਨ ਜਦਕਿ ਅਸੀਂ ਮਾਪਿਆਂ ਦੀਆਂ ਜਾਇਦਾਦਾਂ ਨੂੰ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਧੜਾਧੜ ਰੀਸ ਦੀ ਘੜੀਸ ਕਰਦੇ ਹੋਏ ਵਿਦੇਸ਼ਾਂ ਨੂੰ ਭੱਜੇ ਜਾ ਰਹੇ ਹਾਂ। ਦਸੰਬਰ 2025 ਤੇ ਜਨਵਰੀ 2026 ਵਿਚ ਪੰਜਾਬੀਆਂ ਦੀਆਂ ਵਿਦੇਸ਼ਾਂ ਵਿਚ ਹੋਈਆਂ ਮੌਤਾਂ ਦੀ ਗਿਣਤੀ ਭਾਵੇਂ 30 ਦੇ ਲਗਪਗ ਹੈ ਪਰ ਮੈਂ ਕੁਝ ਦਰਦਨਾਕ ਮੌਤਾਂ ਦਾ ਹੀ ਜ਼ਿਕਰ ਕਰ ਰਿਹਾ ਹਾਂ। ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਬਰੇ ਤੇ ਉੱਨਤ ਸੌਂਦੇਵਾਲਾ ਦੇ ਕੈਨੇਡਾ ਗਏ 2 ਨੌਜਵਾਨਾਂ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕਾਂ ਵਿਚ ਸੰਦੇਵਾਲਾ ਦਾ 18 ਸਾਲਾ ਰਣਵੀਰ ਸਿੰਘ ਅਤੇ ਪਿੰਡ ਬਰੇ ਦਾ 27 ਸਾਲਾ ਗੁਰਦੀਪ ਸਿੰਘ ਸਨ। ਉਹ ਦੋਵੇਂ ਦੋਸਤ ਦਾ ਜਨਮ ਦਿਨ ਮਨਾਉਣ ਲਈ ਜਾ ਰਹੇ ਸਨ ਕਿ ਕੁਝ ਅਣਪਛਾਤਿਆਂ ਨੇ ਆ ਕੇ ਗੋਲ਼ੀਆਂ ਚਲਾ ਦਿੱਤੀਆਂ। ਜਗਰਾਓਂ ਦੇ ਪਿੰਡ ਕਾਉਂਕੇ ਕਲਾਂ ਦੀ 19 ਸਾਲਾ ਖ਼ੁਸ਼ੀ ਦੀ ਮਾਲਦੀਵ ਵਿਚ ਹਾਰਟ ਅਟੈਕ ਕਾਰਨ ਮੌਤ ਹੋ ਗਈ। ਉਹ 4 ਮਹੀਨੇ ਪਹਿਲਾਂ ਰੁਜ਼ਗਾਰ ਦੇ ਸਿਲਸਿਲੇ ਵਿਚ ਮਾਲਦੀਵ ਗਈ ਸੀ ਕਿਉਂਕਿ ਉਸ ਦੇ ਅਪਾਹਜ ਪਿਤਾ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ। ਕੁਵੈਤ ਵਿਚ ਵਾਪਰੇ ਸੜਕ ਹਾਦਸੇ ਵਿਚ ਮਰਨ ਵਾਲੇ 7 ਨੌਜਵਾਨਾਂ 'ਚੋਂ 3 ਪੰਜਾਬੀ ਸਨ। ਇਨ੍ਹਾਂ 'ਚ ਦੋ ਅੰਮ੍ਰਿਤਸਰ ਅਤੇ ਇਕ ਗੁਰਦਾਸਪੁਰ ਦੇ ਕਸਬਾ ਦੁਰਾਂਗਲਾ ਦਾ ਜਗਦੀਪ ਸੀ। ਇਹ ਸਾਰੇ 7 ਨੌਜਵਾਨ ਆਪਣੇ ਕੰਮ 'ਤੇ ਜਾ ਰਹੇ ਸਨ ਤੇ ਸੜਕ ਪਾਰ ਕਰਨ ਲੱਗਿਆਂ ਸਾਰੇ ਹਾਦਸੇ ਦਾ ਸ਼ਿਕਾਰ ਹੋ ਗਏ। ਕੈਨੇਡਾ 'ਚ ਇਕ 30 ਸਾਲਾ ਭਾਰਤੀ ਮਹਿਲਾ ਹਿਮਾਂਸ਼ੀ ਖੁਰਾਣਾ ਦੀ ਹੱਤਿਆ ਕਰ ਦਿੱਤੀ ਗਈ। ਇੱਕ ਦਿਨ ਬਾਅਦ ਇਕ ਘਰ 'ਚੋਂ ਉਸ ਦੀ ਲਾਸ਼ ਮਿਲੀ। ਪੁਲਿਸ ਨੇ ਮਾਮਲੇ ਦੇ ਸ਼ੱਕੀ 32 ਸਾਲਾ ਅਬਦੁਲ ਗਫੂਰੀ ਖ਼ਿਲਾਫ਼ ਹੱਤਿਆ ਦਾ ਵਾਰੰਟ ਜਾਰੀ ਕੀਤਾ ਹੈ। ਬਲਾਕ ਕਲਾਨੌਰ ਅਧੀਨ ਪੈਂਦੇ ਪਿੰਡ ਖੁਸ਼ੀਪੁਰ ਦੇ 42 ਸਾਲਾ ਗੁਰਬਖਸ਼ ਸਿੰਘ ਦੀ ਬਰੇਨ ਹੈਮਰੇਜ ਕਾਰਨ ਮੌਤ ਹੋ ਗਈ। ਉਸ ਦੀ ਮਾਤਾ ਖੁਸ਼ੀਪੁਰ ਦੀ ਸਰਪੰਚ ਨਿਰਮਲ ਕੌਰ ਨੇ ਦੱਸਿਆ ਕਿ ਉਹ 14 ਮਹੀਨੇ ਪਹਿਲਾਂ ਰੋਜ਼ੀ-ਰੋਟੀ ਕਮਾਉਣ ਲਈ ਜਰਮਨੀ ਦੇ ਕੈਮੀਨੈਂਟ ਸ਼ਹਿਰ ਗਿਆ ਸੀ। ਉਸ ਦੀਆਂ ਤਿੰਨ ਧੀਆਂ ਹਨ। ਵੈਨਕੂਵਰ ਦੇ ਨੇੜੇ ਲੋਅਰ ਮੈਨ ਲੈਂਡ ਸਥਿਤ ਸ਼ਹਿਰ ਐਕਸਫੋਰਡ ਵਿਚ ਗੋਲ਼ੀਆਂ ਨਾਲ ਮਰੇ ਨੌਜਵਾਨ ਦੀ ਪਛਾਣ ਨਵਪ੍ਰੀਤ ਸਿੰਘ ਧਾਲੀਵਾਲ ਵਜੋਂ ਹੋਈ ਹੈ। ਸਾਹਨੇਵਾਲ ਦੇ ਪਿੰਡ ਚੌਂਤਾ ਦੇ ਨੌਜਵਾਨ ਸ਼ਮਸ਼ੇਰ ਸਿੰਘ (29) ਦੀ ਮਲੇਸ਼ੀਆ 'ਚ ਰਹੱਸਮਈ ਹਾਲਤ ਵਿੱਚ ਮੌਤ ਹੋ ਗਈ। ਉਹ ਕੁਝ ਸਾਲ ਪਹਿਲਾਂ ਮਲੇਸ਼ੀਆ ਗਿਆ ਸੀ ਤੇ ਉੱਥੇ ਇਕ ਸ਼ਹਿਰ ਵਿਚ ਹੇਅਰ ਡਰੈਸਰ ਦੀ ਦੁਕਾਨ 'ਤੇ ਕੰਮ ਕਰਦਾ ਸੀ। ਦੀਨਾਨਗਰ ਦੇ 27 ਸਾਲਾ ਨੌਜਵਾਨ ਨਮਨ ਦੀ ਇੰਗਲੈਂਡ ਵਿਚ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਉਸ ਦੇ ਪਿਤਾ ਨੇ ਦੱਸਿਆ ਕਿ ਨਮਨ 5 ਸਾਲ ਪਹਿਲਾਂ ਰੋਜ਼ੀ-ਰੋਟੀ ਖ਼ਾਤਰ ਇੰਗਲੈਂਡ ਗਿਆ ਸੀ ਅਤੇ ਉਹ ਉੱਥੇ ਇੱਕ ਪਾਕਿਸਤਾਨੀ ਮਹਿਲਾ ਕੋਲ ਕੰਮ ਕਰਦਾ ਸੀ। ਨਵਾਂਸ਼ਹਿਰ ਦੇ ਪਿੰਡ ਮੱਲਾ ਬੇਰੀਆਂ ਦਾ 48 ਸਾਲਾ ਬਿੰਦਰ ਗਰਚਾ ਜੋ ਕੈਨੇਡਾ 'ਚ ਫੋਟੋਗ੍ਰਾਫੀ ਦਾ ਕੰਮ ਕਰਦਾ ਸੀ, ਉਸ ਦੀ ਬੇਪਛਾਣ ਵਿਅਕਤੀਆਂ ਨੇ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਤੇ ਬਾਅਦ ਵਿਚ ਲਾਸ਼ ਨੂੰ ਸਾੜ ਕੇ ਬੇਪਛਾਣ ਕਰਨ ਦੀ ਕੋਸ਼ਿਸ਼ ਕੀਤੀ ਸੀ। ਜ਼ਿਲ੍ਹਾ ਰੂਪਨਗਰ ਦੇ ਪਿੰਡ ਜੱਸੜਾਂ ਦੇ ਨੌਜਵਾਨ ਸੰਦੀਪ ਸਿੰਘ ਜੱਸੜਾਂ ਦੀ ਨਿਊਜ਼ੀਲੈਂਡ ਵਿਚ ਵਾਪਰੇ ਭਿਆਨਕ ਹਾਦਸੇ ਵਿਚ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ, ਦੋ ਬੇਟੀਆਂ ਤੇ ਏੱਕ ਬੇਟਾ ਛੱਡ ਗਿਆ ਹੈ। ਲਗਪਗ 9 ਮਹੀਨੇ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਗਏ ਜ਼ਿਲ੍ਹਾ ਬਰਨਾਲਾ ਦੇ ਪਿੰਡ ਗੁਰਮ ਦੇ ਨੌਜਵਾਨ ਰਾਜਪ੍ਰੀਤ ਸਿੰਘ (24) ਦੀ ਮੌਤ ਹੋ ਗਈ। ਉਹ ਪਰਿਵਾਰ ਦਾ ਇਕਲੌਤਾ ਪੁੱਤਰ ਸੀ ਅਤੇ 18 ਲੱਖ ਰੁਪਏ ਦਾ ਕਰਜ਼ਾ ਲੈ ਕੇ ਪਰਿਵਾਰ ਨੇ ਸਟੱਡੀ ਵੀਜ਼ੇ 'ਤੇ ਉਸ ਨੂੰ ਕੈਨੇਡਾ ਭੇਜਿਆ ਸੀ। ਅਮਰੀਕਾ ਵਿਚ ਉਜਵਲ ਭਵਿੱਖ ਲਈ ਗਏ ਖਾਲੜਾ ਦੇ 26 ਸਾਲਾ ਨੌਜਵਾਨ ਦੀਪਕਰਨ ਸਿੰਘ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਜਦੋਂ ਉਹ ਆਪਣੀ ਕਾਰ 'ਤੇ ਘਰੋਂ ਕੰਮ ਲਈ ਨਿਕਲਿਆ ਤਾਂ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਕੈਨੇਡਾ ਦੇ ਬਰਨਬੀ ਵਿਚ ਭਾਰਤੀ ਮੂਲ ਦੇ ਵੈਨਕੂਵਰ ਵਿਚ ਰਹਿੰਦੇ 28 ਸਾਲਾ ਨੌਜਵਾਨ ਦਿਲਰਾਜ ਸਿੰਘ ਗਿੱਲ ਦੀ ਹਓਈ ਹੱਤਿਆ ਸਬੰਧੀ ਪੁਲਿਸ ਨੂੰ ਸ਼ੱਕ ਹੈ ਕਿ ਇਹ ਮਾਮਲਾ ਗੈਂਗਵਾਰ ਨਾਲ ਜੁੜਿਆ ਹੋਇਆ ਹੈ।

ਪਿੰਡ ਚੌਂਕੀਮਾਨ ਦੇ ਰਹਿਣ ਵਾਲੇ ਪਤੀ-ਪਤਨੀ ਦੀ ਕੈਨੇਡਾ ਵਿਚ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਕੈਲਗਰੀ ਦੇ ਰੈੱਡ ਸਟੋਨ 'ਚ ਪਾਰਕ ਨਾਰਥ ਈਸਟ 'ਚ ਰਹਿਣ ਵਾਲੇ ਏਕਮਵੀਰ ਸਿੰਘ ਤੇ ਉਸ ਦੀ ਪਤਨੀ ਜੈਸਮੀਨ ਘਰ 'ਚ ਮੌਜੂਦ ਸਨ। ਰਾਤ 12:45 ਵਜੇ ਗੋਲ਼ੀ ਚੱਲਣ ਦੀ ਆਵਾਜ਼ ਤੋਂ ਬਾਅਦ ਕਿਸੇ ਨੇ ਪੁਲਿਸ ਨੂੰ ਸੂਚਨਾ ਦਿੱਤੀ। ਜੈਸਮੀਨ ਦੀ ਮੌਤ ਹੋ ਚੁੱਕੀ ਸੀ ਤੇ ਏਕਮਵੀਰ ਨੇ ਹਸਪਤਾਲ ਜਾ ਕੇ ਦਮ ਤੋੜ ਦਿੱਤਾ। ਇੰਨਾ ਕੁਝ ਹੋਣ ਦੇ ਬਾਵਜੂਦ ਸਾਡੇ ਪੰਜਾਬੀ ਲੜਕੇ ਅਤੇ ਲੜਕੀਆਂ ਆਪਣੇ ਦੇਸ਼ ਵਿਚ ਰੁਜ਼ਗਾਰ ਨੂੰ ਧੱਕਾ ਦੇ ਕੇ ਵਿਦੇਸ਼ਾਂ ਵਿਚ ਕਿਸਮਤ ਅਜਮਾਉਣ ਜਾ ਰਹੇ ਹਨ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਅਸੀਂ ਮੁੜ ਕੇ ਆਪਣੇ ਦੇਸ਼ ਜਾ ਸਕਾਂਗੇ ਜਾਂ ਨਹੀਂ। ਅਜੇ ਵੀ ਜਿਹੜੇ ਨੌਜਵਾਨਾਂ ਵਿਚ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਭੂਤ ਸਵਾਰ ਹੈ, ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਚਿੰਤਾ ਭਰੀ ਸਮੱਸਿਆ ਬਾਰੇ ਡੂੰਘਾਈ ਨਾਲ ਸੋਚ-ਵਿਚਾਰ ਕਰਨ ਦੀ ਲੋੜ ਹੈ।

**ਜਤਿੰਦਰ ਸਿੰਘ ਪਮਾਲ**




# ਪਿਆਰ ਹੈ ਜੀਵਨ ਧਾਰਾ



ਪਿਆਰ ਮਨੁੱਖੀ ਜੀਵਨ ਦੀ ਉਹ ਅਟੱਲ ਲੋੜ ਹੈ, ਜੋ ਕਿਸੇ ਤਰੀਕ ਦੀ ਮੁਥਾਜ ਨਹੀਂ ਪਰ ਆਧੁਨਿਕ ਸਮਾਜ ਨੇ ਇਸ ਗਹਿਰੇ ਅਹਿਸਾਸ ਨੂੰ ਇਕ ਦਿਨ, ਇਕ ਰਸਮ ਤੇ ਇਕ ਵਪਾਰਕ ਤਿਉਹਾਰ 'ਚ ਕੈਦ ਕਰ ਦਿੱਤਾ ਹੈ। 14 ਫਰਵਰੀ ਦੇ ਆਸ-ਪਾਸ ਅਖ਼ਬਾਰਾਂ, ਟੀਵੀ ਇਸ਼ਤਿਹਾਰਾਂ, ਬਾਜ਼ਾਰਾਂ ਤੇ ਸੋਸ਼ਲ ਮੀਡੀਆ ਉੱਤੇ ਪਿਆਰ ਦੇ ਨਾਂ 'ਤੇ ਜੋ ਚਮਕ-ਦਮਕ ਦਿਖਾਈ ਦਿੰਦੀ ਹੈ, ਉਹ ਅਕਸਰ ਅਸਲ ਅਰਥਾਂ ਨੂੰ ਓਹਲੇ ਕਰ ਦਿੰਦੀ ਹੈ।

ਗੁਲਾਬ, ਤੋਹਫ਼ੇ ਤੇ ਰੋਮਾਂਟਿਕ ਸੁਨੇਹੇ ਪਿਆਰ ਦੇ ਪ੍ਰਤੀਕ ਬਣ ਕੇ ਪੇਸ਼ ਕੀਤੇ ਜਾਂਦੇ ਹਨ, ਜਿਵੇਂ ਪਿਆਰ ਕੋਈ ਐਸਾ ਜਜ਼ਬਾ ਹੋਵੇ ਜੋ ਸਾਲ ਵਿਚ ਸਿਰਫ਼ ਇਕ ਵਾਰ ਹੀ ਮਨਾਇਆ ਜਾਣਾ ਚਾਹੀਦਾ ਹੋਵੇ। ਇਹ ਸਥਿਤੀ ਸਾਨੂੰ ਮਜਬੂਰ ਕਰਦੀ ਹੈ ਸੋਚਣ ਲਈ ਕਿ ਕੀ ਪਿਆਰ ਸਿਰਫ਼ ਦਿਖਾਵੇ ਦੀ ਰਸਮ ਹੈ ਜਾਂ ਫਿਰ ਇਹ ਜੀਵਨ ਦੀ ਹਰ ਰੋਜ਼ ਨਿਭਾਈ ਜਾਣ ਵਾਲੀ ਨੈਤਿਕ ਤੇ ਮਨੁੱਖੀ ਜ਼ਿੰਮੇਵਾਰੀ ਹੈ।

ਪਿਆਰ ਦਾ ਅਰਥ ਕੇਵਲ ਰੋਮਾਂਟਿਕ ਰਿਸ਼ਤਿਆਂ ਤਕ ਸੀਮਤ ਕਰ ਦੇਣਾ ਉਸ ਦੀ ਵਿਸ਼ਾਲਤਾ ਨਾਲ ਨਾਇਨਸਾਫ਼ੀ ਹੈ। ਪਿਆਰ ਮਾਂ-ਪਿਉ ਦੀ ਨਿਸ਼ਕਾਮ ਮਮਤਾ ਵਿਚ ਵੀ ਹੈ, ਜੋ ਬਿਨਾਂ ਕਿਸੇ ਉਮੀਦ ਦੇ ਆਪਣੇ ਬੱਚਿਆਂ ਲਈ ਜਿਉਂਦੇ ਹਨ। ਪਿਆਰ ਦੋਸਤ ਦੀ ਉਸ ਮੌਜੂਦਗੀ ਵਿਚ ਹੈ, ਜੋ ਬਿਨਾਂ ਕੁਝ ਕਹੇ ਔਖੇ ਵੇਲੇ ਨਾਲ ਖੜ੍ਹਾ ਰਹਿੰਦਾ ਹੈ। ਪਿਆਰ ਜੀਵਨ ਸਾਥੀ ਦੀ ਸਹਿਣਸ਼ੀਲਤਾ ਵਿਚ ਹੈ, ਜੋ ਰੋਜ਼ਾਨਾ ਦੀ ਥਕਾਵਟ, ਤਣਾਅ ਤੇ ਸਮੱਸਿਆਵਾਂ ਦੇ ਬਾਵਜੂਦ ਰਿਸ਼ਤੇ ਨੂੰ ਨਿਭਾਉਂਦਾ ਹੈ। ਇਸ ਤੋਂ ਅੱਗੇ ਪਿਆਰ ਮਨੁੱਖਤਾ ਪ੍ਰਤੀ ਉਸ ਦੀ ਅਡੋਲਤਾ ਨੂੰ ਦਰਸਾਉਂਦੀ ਹੈ। ਹਾਂ ਇਹ ਜ਼ਰੂਰ ਹੈ ਕਿ ਭਾਰਤੀ ਦ੍ਰਿਸ਼ਟੀ ਵਿਚ ਪਿਆਰ ਜ਼ਿਆਦਾਤਰ ਜ਼ਿੰਮੇਵਾਰੀ, ਸਹਿਣਸ਼ੀਲਤਾ ਤੇ ਮਰਿਆਦਾ ਨਾਲ ਜੋੜਿਆ ਗਿਆ ਹੈ, ਨਾ ਕਿ ਖੁੱਲ੍ਹੇ ਪ੍ਰਦਰਸ਼ਨ ਨਾਲ।

ਇਸੇ ਕਾਰਨ 'ਵੈਲੇਨਟਾਈਨ ਡੇਅ ਦੇ ਮੌਜੂਦਾ ਵਪਾਰਕ ਅਤੇ ਦਿਖਾਵਟੀ ਰੂਪ ਨਾਲ ਕਈ ਵਾਰ ਟਕਰਾਅ ਪੈਦਾ ਹੁੰਦਾ ਹੈ। ਇਹ ਟਕਰਾਅ ਪਿਆਰ ਨਾਲ ਨਹੀਂ ਸਗੋਂ ਉਸ ਨੂੰ ਸਿਰਫ਼ ਉਪਭੋਗ ਦੀ ਵਸਤੂ ਬਣਾਉਣ ਨਾਲ ਹੈ।

ਨੌਜਵਾਨ ਪੀੜ੍ਹੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਪਿਆਰ ਨੂੰ ਜਜ਼ਬਾਤੀ ਜੋਸ਼ ਤਕ ਸੀਮਤ ਨਾ ਰੱਖੇ। ਸੱਚਾ ਪਿਆਰ ਸਹਿਮਤੀ, ਬਰਾਬਰੀ ਅਤੇ ਆਜ਼ਾਦੀ ਦੇ ਸਨਮਾਨ 'ਤੇ ਖੜ੍ਹਾ ਹੁੰਦਾ ਹੈ।

ਇਹ ਕਦੇ ਵੀ ਦਬਾਅ ਨਹੀਂ ਬਣਾਉਂਦਾ, ਨਾ ਹੀ ਕਿਸੇ ਦੀ ਇੱਛਾ ਜਾਂ ਆਤਮ-ਸਨਮਾਨ ਨੂੰ ਠੇਸ ਪਹੁੰਚਾਉਂਦਾ ਹੈ। ਪਿਆਰ ਦਾ ਮਤਲਬ ਕਿਸੇ ਨੂੰ ਆਪਣੀ ਮਲਕੀਅਤ ਸਮਝਣਾ ਨਹੀਂ ਸਗੋਂ ਇਕ-ਦੂਜੇ ਨੂੰ ਵਧਣ ਅਤੇ ਮਜ਼ਬੂਤ ਬਣਨ ਦਾ ਮੌਕਾ ਦੇਣਾ ਹੈ।

ਇਸ ਲਈ ਪਿਆਰ ਨੂੰ ਕਿਸੇ ਇਕ ਦਿਨ ਰਸਮ ਜਾਂ ਬਾਜ਼ਾਰੀ ਮੌਕੇ ਤਕ ਸੀਮਤ ਕਰ ਦੇਣਾ ਉਸ ਦੀ ਆਤਮਾ ਨਾਲ ਨਾਇਨਸਾਫ਼ੀ ਹੈ। ਪਿਆਰ ਕਹਿਣ ਦੀ ਨਹੀਂ, ਨਿਭਾਉਣ ਦੀ ਚੀਜ਼ ਹੈ, ਘਰ, ਰਿਸ਼ਤਿਆਂ, ਕੰਮਕਾਜ ਦੀ ਥਾਂ ਅਤੇ ਸਮਾਜ ਦੇ ਹਰ ਪੱਧਰ 'ਤੇ। ਜਦੋਂ ਪਿਆਰ ਸਹਿਣਸ਼ੀਲਤਾ, ਸੰਵੇਦਨਾ ਤੇ ਜ਼ਿੰਮੇਵਾਰੀ ਵਜੋਂ ਜਿਊਣ ਲੱਗ ਪੈਂਦਾ ਹੈ, ਤਾਂ ਉਹ ਤਿਉਹਾਰ ਨਹੀਂ ਰਹਿੰਦਾ ਉਹ ਜੀਵਨ ਦੀ ਰੀਤ ਬਣ ਜਾਂਦਾ ਹੈ। ਜਿਸ ਦਿਨ ਪਿਆਰ ਰੀਤ ਬਣ ਜਾਵੇ, ਉਸ ਦਿਨ ਕਿਸੇ ਕੈਲੰਡਰ ਨੂੰ ਉਸ ਦਾ ਨਾਂ ਲਿਖਣ ਦੀ ਲੋੜ ਹੀ ਨਹੀਂ।

ਸੋਸ਼ਲ ਮੀਡੀਆ 'ਤੇ ਬਣਾਈ ਗਈ ਪ੍ਰਫੈਕਟ ਜੋੜੀ ਦੀ ਤਸਵੀਰ ਨੌਜਵਾਨਾਂ 'ਤੇ ਬੇਵਜ੍ਹਾ ਦਬਾਅ ਪੈਦਾ ਕਰਦੀ ਹੈ।

ਕਈ ਵਾਰ ਇਹ ਦਬਾਅ ਨਿਰਾਸ਼ਾ, ਈਰਖਾ ਤੇ ਆਪਣੇ ਆਪ ਨੂੰ ਘੱਟ ਸਮਝਣ ਦੀ ਭਾਵਨਾ ਤਕ ਲੈ ਜਾਂਦਾ ਹੈ, ਜਦੋਂਕਿ ਸੱਚਾ ਪਿਆਰ ਕਿਸੇ ਤੁਲਨਾ ਦਾ ਮੁਥਾਜ ਨਹੀਂ ਹੁੰਦਾ। ਉਹ ਨਾ ਤਾਂ ਲਾਲ ਗੁਲਾਬਾਂ ਨਾਲ ਮਾਪਿਆ ਜਾਂਦਾ ਹੈ ਤੇ ਨਾ ਹੀ ਤੋਹਫ਼ਿਆਂ ਨਾਲ। ਸਮਾਜਿਕ ਪੱਧਰ 'ਤੇ ਵੇਖਿਆ ਜਾਵੇ ਤਾਂ ਪਿਆਰ ਤੇ ਸੰਵੇਦਨਾ ਦੀ ਘਾਟ ਅਕਸਰ ਤਣਾਅ, ਹਿੰਸਾ ਤੇ ਟੁੱਟਦੇ ਰਿਸ਼ਤਿਆਂ ਦਾ ਕਾਰਨ ਬਣਦੀ ਹੈ।

ਜੇ ਘਰਾਂ ਵਿਚ ਗੱਲਬਾਤ ਪਿਆਰ ਤੇ ਸਨਮਾਨ ਨਾਲ ਹੋਵੇ, ਦਫ਼ਤਰਾਂ ਵਿਚ ਸਹਿਕਰਮੀਆਂ ਨੂੰ ਇਨਸਾਨ ਸਮਝ ਕੇ ਵਰਤਿਆ ਜਾਵੇ ਤੇ ਸਮਾਜ

ਵਿਚ ਦੂਜੇ ਦੇ ਦੁੱਖ ਲਈ ਸੰਵੇਦਨਾ

ਹੋਵੇ, ਤਾਂ ਕਈ ਸਮੱਸਿਆਵਾਂ ਆਪਣੇ ਆਪ ਹੀ ਘੱਟ ਹੋ ਸਕਦੀਆਂ ਹਨ।

ਇਸ ਅਰਥ ਵਿਚ ਪਿਆਰ ਕੋਈ ਕਮਜ਼ੋਰੀ ਨਹੀਂ ਸਗੋਂ ਸਮਾਜ ਜੋੜ ਕੇ ਰੱਖਣ ਵਾਲੀ ਸਭ ਤੋਂ ਵੱਡੀ ਤਾਕਤ ਹੈ।

ਭਾਰਤ ਵਿਚ ਅਕਸਰ ਇਹ ਤਰਕ ਦਿੱਤਾ ਜਾਂਦਾ ਹੈ ਕਿ ਵੈਲੇਨਟਾਈਨ ਡੇਅ ਸਾਡੀ ਸੰਸਕ੍ਰਿਤੀ ਦਾ ਹਿੱਸਾ ਨਹੀਂ। ਇਤਿਹਾਸਕ ਤੌਰ 'ਤੇ ਇਹ ਗੱਲ ਸਹੀ ਹੈ ਕਿ ਇਸ ਦਿਨ ਦੀ ਸ਼ੁਰੂਆਤ ਪੱਛਮੀ ਸੰਸਾਰ ਵਿਚ ਹੋਈ ਪਰ ਕੀ ਪਿਆਰ ਕਿਸੇ ਇਕ ਸੰਸਕ੍ਰਿਤੀ ਜਾਂ ਧਰਮ ਦੀ ਜਾਇਦਾਦ ਹੋ ਸਕਦਾ ਹੈ? ਭਾਰਤੀ ਫ਼ਲਸਫ਼ਾ, ਸਾਹਿਤ ਅਤੇ ਲੋਕ-ਕਥਾਵਾਂ ਪਿਆਰ ਦੀਆਂ ਅਨੇਕਾਂ ਰੂਪਾਂ ਨਾਲ ਭਰੀਆਂ ਪਈਆਂ ਹਨ। ਧਾਰਮਿਕ ਗ੍ਰੰਥਾਂ ਤੇ ਵੇਦਾਂ ਵਿਚ ਪ੍ਰੇਮ ਅਤੇ ਸਮਰਪਣ ਨੂੰ ਆਤਮਿਕ ਉਚਾਈ ਦਾ ਸਾਧਨ ਮੰਨਿਆ ਗਿਆ। ਭਗਤੀ ਅੰਦੋਲਨ ਨੇ ਰੱਬ ਨਾਲ ਪਿਆਰ ਨੂੰ ਮਨੁੱਖੀ ' ਮੁਕਤੀ ਦਾ ਰਾਹ ਬਣਾਇਆ।

**ਕੁਲਵਿੰਦਰਜੀਤ ਚਾਵਲਾ**




# ਚਲੋ ਆਓ ਫਿਰ ਮਰ ਕੇ ਦੇਖੀਏ

ਤੁਸੀਂ ਵੀ ਕਹੋਗੇ ਕਿ ਇਹ ਕੀ ਮੂਰਖਾਨਾ ਸਿਰਲੇਖ ਹੋਇਆ ਭਲਾ? ਕੌਣ ਮਰਨਾ ਚਾਹੁੰਦੈ? ਮੂਰਖ ਵੀ ਇਸ ਮਾਮਲੇ 'ਚ ਬਹੁਤ ਸਿਆਣਾ ਹੁੰਦੈ ਕਿਉਂਕਿ ਕੋਈ ਮੂਰਖ ਵੀ ਮਰਨਾ ਨਹੀਂ ਲੋਚਦਾ। ਫਿਰ ਮੇਰੇ ਵਰਗਾ 'ਸਿਆਣਾ-ਬਿਆਣਾ' ਅਜਿਹੀ ਮੂਰਖਾਨਾ ਹਰਕਤ ਕਰਨ ਬਾਰੇ ਕਿਉਂ ਸੋਚੂ? ਵੈਸੇ ਹਰ ਮੂਰਖ ਹੀ ਆਪਣੇ ਆਪ ਨੂੰ ਸਿਆਣਾ-ਬਿਆਣਾ ਸਮਝਦੈ।

ਤੁਸੀਂ ਇਹ ਵੀ ਕਹੋਗੇ ਕਿ ਭਲਾ ਮਰ ਕੇ ਵੀ ਕਦੀ ਕੋਈ ਆਪਣਾ ਮਰਨਾ ਦੇਖ ਸਕਦੈ। ਤੁਸੀਂ ਬਿਲਕੁਲ ਠੀਕ ਕਿਹਾ ਹੈ, ਪਰ ਗ਼ਲਤ ਮੈਂ ਵੀ ਨਹੀਂ ਕਿਹਾ। ਜਾਣੀ, 'ਤਾਇਆ ਤੇਲੂ ਵੀ ਠੀਕ ਤੇ ਚਾਚੀ ਚਿੰਤੀ ਵੀ ਗ਼ਲਤ ਨਹੀਂ।' ਦਰਅਸਲ, ਇਸ ਸਿਰਲੇਖ ਦਾ ਸਬੰਧ ਵਹਿਮਾਂ-ਭਰਮਾਂ ਨਾਲ ਹੈ।

ਅਸੀਂ ਬੇਸ਼ੱਕ 'ਵਿਸ਼ਵਗੁਰੂ' ਬਣ ਗਏ ਹਾਂ ਪਰ ਵਿਗਿਆਨਕ ਸੋਚ ਤੋਂ ਹਾਲੇ ਵੀ ਵਿਰਵੇ ਹੀ ਹਾਂ। ਪਰਾਭੌਤਿਕ ਸ਼ਕਤੀਆਂ, ਜੋਤਸ਼ੀਆਂ-ਪਾਂਧਿਆਂ, ਪੁੱਛਾਂ-ਪੱਤਰੀਆਂ, ਰਾਹੂ-ਕੇਤੂ, ਧਾਗੇ-ਤਵੀਤ, ਓਝਿਆਂ-ਝਾੜਿਆਂ, ਮੜ੍ਹੀਆਂ-ਮਸਾਣਾਂ, ਭੂਤ-ਪ੍ਰੇਤ ਆਦਿ ਵਿੱਚ ਸਾਡਾ ਹਾਲੇ ਵੀ ਪੂਰਾ ਵਿਸ਼ਵਾਸ ਹੈ।

ਘਰੋਂ ਨਿਕਲਣ ਵੇਲੇ ਜੇ ਕੋਈ ਛਿੱਕ ਮਾਰ ਦਿੰਦਾ ਤਾਂ ਬਜ਼ੁਰਗ ਪਹਿਲਾਂ ਕਹਿੰਦੇ 'ਤੇਰਾ ਨੱਕ ਸੜ ਜਾਏ' ਤੇ ਫਿਰ ਘਰ ਵਾਪਸ ਜਾ ਕੇ ਜੁੱਤੀ ਲਾਹ ਕੇ, ਕੁਝ ਮਿੱਠਾ (ਗੁੜ ਆਦਿ) ਖਾਣ ਮਗਰੋਂ ਫਿਰ ਬਾਹਰ ਜਾਂਦੇ। ਕਈ ਵਾਰ ਦੂਸਰੀ ਛਿੱਕ ਦੀ ਉਡੀਕ ਕਰਦੇ ਰਹਿੰਦੇ। ਮਨੌਤ ਸੀ ਕਿ ਜੇ ਦੋ ਛਿੱਕਾਂ ਵੱਜ ਜਾਣ ਤਾਂ ਫਿਰ ਕੋਈ ਵਹਿਮ ਨਹੀਂ।

ਇੱਕ ਇਹ ਵੀ ਵਹਿਮ ਹੈ ਕਿ ਜੇ ਬਿੱਲੀ ਰਾਹ ਕੱਟ ਜਾਵੇ ਤਾਂ ਸਮਝੋ ਖ਼ੈਰ ਨਹੀਂ। ਮੇਰਾ ਇੱਕ ਡਰਾਈਵਰ ਸੀ, ਪਾਠ-ਪੂਜਾ ਕਰਨ ਵਾਲਾ ਭਲਾ ਬੰਦਾ। ਇੱਕ ਵਾਰ ਮੈਂ ਆਪਣੇ ਪਰਿਵਾਰ ਨਾਲ ਇੱਕ ਪਹਾੜੀ ਇਲਾਕੇ ਦੀ ਸੈਰ 'ਤੇ ਗਏ।

ਕਾਰ ਇੱਕ ਹਿੱਲ ਸਟੇਸ਼ਨ ਤੋਂ ਕਿਸੇ ਦੂਸਰੇ ਸੈਲਾਨੀ ਸਥਾਨ ਵੱਲ ਜਾ ਰਹੀ ਸੀ ਕਿ ਡਰਾਈਵਰ ਨੇ ਅਚਾਨਕ ਬਰੇਕ ਮਾਰੀ। ਫਿਰ ਪਿਛਲਾ ਗੇਅਰ ਪਾ ਕੇ ਉਸ ਕਾਰ ਥੋੜ੍ਹੀ ਪਿੱਛੇ ਕਰ ਲਈ ਤੇ ਕੁਝ ਬੁੜਬੁੜਾਉਣ ਲੱਗ ਪਿਆ। ਮੈਂ ਸੋਚਿਆ ਕਿ ਪਹਾੜੀ ਇਲਾਕਾ ਹੈ, ਚੜ੍ਹਾਈ ਕਾਰਨ ਸ਼ਾਇਦ ਕਾਰ ਦਾ ਇੰਜਣ ਗਰਮ ਹੋ ਗਿਆ ਹੋਣੈ ਜਾਂ ਕੋਈ ਹੋਰ ਨੁਕਸ ਪੈ ਗਿਆ ਹੋਣੈ। ਅਸੀਂ ਡਰਾਈਵਰ ਨੂੰ ਪੁੱਛਿਆ ਕਿ ਕੀ ਹੋਇਆ? ਉਸ ਦਾ ਜਵਾਬ ਸੁਣ ਕੇ ਅਸੀਂ ਹੈਰਾਨ ਰਹਿ ਗਏ। ''ਜੀ, ਅੱਗੋਂ ਬਿੱਲੀ ਰਾਹ ਕੱਟ ਗਈ ਸੀ। ਮੈਂ ਕਾਰ ਥੋੜ੍ਹੀ ਪਿਛਾਂਹ ਕਰ ਕੇ ਮੰਤਰ ਉਚਾਰੇ ਨੇ ਤੇ ਹੁਣ ਅੱਗੇ ਚੱਲਾਂਗੇ।'' ਉਸ ਨੇ ਆਪਣੇ ਬੁੜਬਣਾਉਣ ਦੀ ਵਜਾਹਤ ਕਰਦਿਆਂ ਦੱਸਿਆ।

ਜਦ ਮੈਂ ਉਸ ਨੂੰ ਕਿਹਾ ਕਿ ਅਸੀਂ ਅਜਿਹੇ ਵਹਿਮ ਨਹੀਂ ਕਰਦੇ। ਇੱਕ ਨਿਮਾਣੀ ਜਿਹੀ ਬਿੱਲੀ ਭਲਾ ਕਿਸੇ ਦਾ ਕੀ ਵਿਗਾੜ ਦਊ ਤਾਂ ਉਸ ਭੋਲੇ ਭਾਅ ਜਵਾਬ ਦਿੱਤਾ, ''ਜੀ ਤੁਹਾਡਾ ਤਾਂ ਪਤਾ ਨਹੀਂ ਪਰ ਤੁਹਾਡੇ ਨਾਲ ਮੈਂ ਵੀ ਹਾਂ ਤੇ ਮੈਨੂੰ ਬਿੱਲੀ ਦੇ ਰਾਹ ਕੱਟਣ ਦਾ ਬੜਾ ਵਹਿਮ ਹੈ। ਸੋ, ਮੈਂ ਤਾਂ ਅਜਿਹੇ ਸਮੇਂ ਏਦਾਂ ਈ ਕਰਦਾ ਹੁੰਦਾ ਹਾਂ।''

ਆਉ, ਜ਼ਰਾ ਹੁਣ ਹਥਲੇ ਸਿਰਲੇਖ ਵੱਲ ਮੁੜੀਏ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਮੈਨੂੰ ਜੋਤਸ਼ੀਆਂ ਵਿੱਚ ਉੱਕਾ ਹੀ ਭਰੋਸਾ ਨਹੀਂ। ਦੱਖਣੀ ਭਾਰਤੀ ਅੰਗਰੇਜ਼ੀ ਲੇਖਕ ਆਰ ਕੇ ਨਾਰਾਇਣ ਦੀ ਇੱਕ ਕਹਾਣੀ 'ਨਜੂਮੀ ਦਾ ਦਿਨ' (ਐਨ ਐਸਟਰੋਲੌਜਰ'ਜ਼ ਡੇਅ), ਜੋ ਮੈਂ ਜਮਾਤ ਵਿੱਚ ਪੜ੍ਹਾਉਂਦਾ ਰਿਹਾ ਹਾਂ, ਵਿੱਚ ਲੇਖਕ ਇੱਕ ਜੋਤਸ਼ੀ ਬਾਰੇ ਕਹਿੰਦਾ ਹੈ ਕਿ ਉਸ ਨੂੰ ਜੋਤਿਸ਼ ਵਿੱਦਿਆ ਬਾਰੇ ਇੱਲ ਦਾ ਨਾਂ ਕੋਕੋ ਨਹੀਂ ਆਉਂਦਾ ਪਰ ਉਸ ਨੂੰ ਮਨੁੱਖੀ ਮੁਸੀਬਤਾਂ ਦਾ ਮੁਲਾਂਕਣ ਕਰਨਾ ਆਉਂਦਾ ਸੀ। ਉਹ ਜਾਣਦਾ ਸੀ ਕਿ ਸ਼ਾਦੀ-ਵਿਆਹ, ਪੈਸਾ-ਧੇਲਾ ਅਤੇ ਮਨੁੱਖੀ ਰਿਸ਼ਤਿਆਂ ਦਾ ਉਲਝਿਆ ਤਾਣਾ-ਪੇਟਾ ਹੀ ਮਨੁੱਖੀ ਸਮੱਸਿਆਵਾਂ ਦਾ ਕਾਰਨ ਹੁੰਦੇ ਹਨ। ਸੋ, ਇਸ ਆਮ ਸੂਝ ਸਹਾਰੇ ਉਹ ਆਪਣਾ ਬੁੱਤਾ ਸਾਰੀ ਜਾਂਦਾ ਸੀ। ਲੇਖਕ ਦਾ ਨਜੂਮੀ ਬਾਰੇ ਇਹ ਮੁਲਾਂਕਣ ਹੈ ਵੀ ਨਿੱਗਰ ਤੇ ਖਰਾ।

ਇੱਕ ਵਾਰ ਮੇਰਾ ਇੱਕ ਮਿੱਤਰ ਮੈਨੂੰ ਆਪਣੇ ਨਾਲ ਇੱਕ ਨਾਮੀ ਜੋਤਸ਼ੀ ਕੋਲ ਲੈ ਗਿਆ। ਮੇਰੇ ਦਾਦਾ ਜੀ ਨੇ ਮੇਰੀ ਜਨਮ ਪੱਤਰੀ ਬਣਵਾਈ ਸੀ, ਜਿਸ ਦੀ ਲਿਖਤ 'ਚ ਮੇਰੇ ਉੱਜਵਲ ਭਵਿੱਖ ਦੀ ਪੇਸ਼ੀਨਗੋਈ ਕੀਤੀ ਗਈ ਸੀ। ਮੈਂ ਬਿਨਾਂ ਜੋਤਸ਼ੀ ਨੂੰ ਇਹ ਦੱਸਿਆਂ ਕਿ ਇਹ ਮੇਰੀ ਪੱਤਰੀ ਹੈ, ਫੜਾ ਦਿੱਤੀ।

ਖਾਕਿਆਂ/ਖਾਨਿਆਂ ਨੂੰ ਪੜ੍ਹਨ ਮਗਰੋਂ ਜੋਤਸ਼ੀ ਨੇ ਮੇਰੇ ਬਾਰੇ ਅਜਿਹੀਆਂ 'ਸੁੰਦਰ ਸੁੰਦਰ' ਦਿਲ-ਕੰਬਾਊ ਗੱਲਾਂ ਦੱਸੀਆਂ ਕਿ ਮੈਨੂੰ ਧਰਤੀ ਵਿਹਲ ਨਾ ਦੇਵੇ। ਅਖੇ, ਇਹ ਸ਼ਖ਼ਸ ਪੰਜਵੀਂ ਤੋਂ ਵੱਧ ਨਹੀਂ ਪੜ੍ਹਿਆ ਹੋਣਾ, ਸ਼ਰਾਬੀ ਅਤੇ ਵਿਭਚਾਰੀ ਹੈ। ਜਦੋਂ ਮੈਂ ਆਖਿਆ ਕਿ ਇਹ ਦੱਸੇ ਗਏ ਲੱਛਣ ਇਸ ਪੱਤਰੀ ਧਾਰਕ ਵਿੱਚ ਉੱਕਾ ਹੀ ਨਹੀਂ ਹਨ ਤਾਂ ਉਸ ਮੇਰੇ ਵੱਲ ਉਹ ਜਨਮ ਪੱਤਰੀ ਵਗਾਹ ਮਾਰੀ ਤੇ ਇਸ ਨੂੰ ਗ਼ਲਤ ਦੱਸਦਿਆਂ ਇੱਕ ਨਵੀਂ ਜਨਮ ਕੁੰਡਲੀ ਬਣਵਾਉਣ ਲਈ ਕਿਹਾ।

ਹੁਣ ਨਵੀਂ ਕੁੰਡਲੀ ਵਿਚਲੀ ਭਵਿੱਖਬਾਣੀ ਵੀ ਸੁਣ ਲਓ, ''ਇਹ ਵਰ੍ਹਾ ਕੁੰਡਲੀ ਧਾਰਕ ਲਈ ਬਹੁਤ ਹੀ ਖ਼ਤਰਨਾਕ ਹੈ, ਮੌਤ ਦਾ ਯੋਗ ਹੈ। ਸਾਲ ਦੇ ਆਖਰੀ ਮਹੀਨੇ (ਭਾਵ 1980 ਵਿੱਚ) ਜਾਂ ਤਾਂ ਇਸ ਨੂੰ ਕੋਈ ਕਤਲ ਕਰ ਦੇਵੇਗਾ ਜਾਂ ਇਹ ਜੇਲ੍ਹ ਜਾਵੇਗਾ।'' ਫਿਰ ਦੱਸੇ ਇਸ ਤੋਂ ਬਚਣ ਦੇ ਰਾਹ। ਬਹਰਹਾਲ ਮੈਂ ਤਾਂ ਉਪਾਅ ਸਵਾਹ ਹੀ ਕਰਨੇ ਸਨ, ਅੱਜ ਸੁਖ ਨਾਲ 85 ਸਾਲ ਦੀ ਉਮਰ ਹੈ ਮੇਰੀ, ਪਰ ਜੋਤਸ਼ੀ ਜੀ ਖ਼ੁਦ ਅਗਲੇ ਦੋ ਸਾਲਾਂ ਬਾਅਦ ਚਲਾਣਾ ਕਰ ਗਏ ਸਨ।

ਖ਼ੈਰ, ਇਸ ਸਬੰਧੀ ਪਹਿਲਾਂ ਇੱਕ ਵਾਰ ਮੇਰੇ ਪਾਪਾ ਜੀ ਨੇ ਵੀ ਮੈਨੂੰ ਹਦਾਇਤ ਕੀਤੀ ਸੀ ਕਿ ਇਕੱਤੀ ਦਸੰਬਰ ਦੀ ਰਾਤ ਨੂੰ ਮੈਂ ਘਰੋਂ ਨਾ ਨਿਕਲਾਂ, ਮਾੜਾ ਸੰਯੋਗ ਹੈ। ਵੈਸੇ ਤਾਂ ਮੇਰੇ ਲਈ ਇਹ ਗੱਲ ਆਈ-ਚਲਾਈ ਹੀ ਸੀ, ਪਰ ਹੌਲੀ ਹੌਲੀ ਇਸ ਤਰੀਕ ਦਾ ਅਸਰ ਮੇਰੇ 'ਤੇ ਹੋਣ ਲੱਗਿਆ। ਇਹ ਗੱਲ ਮੇਰੇ ਜ਼ਿਹਨ ਦੇ ਕਿਸੇ ਹਨੇਰੇ ਕੋਨੇ ਵਿੱਚ ਪਈ ਸੀ, ਪਰ ਇਸ ਦਾ ਅਸਰ ਸਪੱਸ਼ਟ ਰੂਪ ਵਿੱਚ ਮੇਰੀ ਮਾਨਸਿਕਤਾ 'ਤੇ ਪੈਣ ਲੱਗ ਪਿਆ ਸੀ। ਅਸਰ ਇਸ ਕਦਰ ਕੇ ਮੈਂ ਆਨੇ-ਬਹਾਨੇ 31 ਦਸੰਬਰ ਨੂੰ ਘਰੋਂ ਬਾਹਰ ਜਾਣ ਤੋਂ ਬਚਣ ਲੱਗ ਪਿਆ। ਪਿਛਲੇ ਸਾਲ ਵੀ ਨਵੇਂ ਸਾਲ ਦੀ ਪੂਰਬਲੀ ਸੰਧਿਆ ਮੌਕੇ ਬੱਚਿਆਂ ਨੇ ਬਾਹਰ ਜਾਣ ਦਾ ਪ੍ਰੋਗਰਾਮ ਬਣਾਇਆ। ਜਾਣ ਤੋਂ ਕੁਝ ਸਮਾਂ ਪਹਿਲਾਂ ਮੇਰੇ ਜ਼ਿਹਨ ਵਿੱਚ ਇਹ ਗੱਲ ਮੁੜ ਤਾਜ਼ਾ ਹੋ ਗਈ ਕਿ 31 ਦਸੰਬਰ ਨੂੰ ਮੈਨੂੰ ਘਰੋਂ ਬਾਹਰ ਨਾ ਜਾਣ ਲਈ ਕਿਹਾ ਗਿਆ ਸੀ, ਪਰ ਇਸ ਵਾਰ ਮੈਂ ਇਹ 'ਅਸ਼ੁੱਭ' ਕਾਰਜ ਕਰ ਲੈਣ ਦੀ ਠਾਣ ਚੁੱਕਿਆ ਸਾਂ। ਮਨ ਵਿੱਚ ਸੋਚਿਆ, ਵੱਧ ਤੋਂ ਵੱਧ ਮਰ ਹੀ ਜਾਵਾਂਗਾ, ਚਲੋ ਇਸ ਵਾਰ ਮਰ ਕੇ ਹੀ ਵੇਖਿਆ ਜਾਵੇ।

ਮੈਂ ਬੱਚਿਆਂ ਨਾਲ ਬਾਹਰ ਖਾਣਾ ਖਾਣ ਚਲਾ ਗਿਆ। ਖਾਣਾ ਵੀ ਖਾਧਾ ਤੇ ਬੱਚਿਆਂ ਨਾਲ ਜੀਅ ਭਰ ਕੇ ਮੌਜ ਮਸਤੀ ਵੀ ਕੀਤੀ। ਨਵਾਂ ਸਾਲ ਵੀ ਚੜ੍ਹਿਆ, ਮੈਂ ਹਾਲੇ ਵੀ ਜਿਊਂਦਾ ਹਾਂ ਤੇ ਹੁਣ ਹਰ ਉਸ ਕੰਮ ਨੂੰ ਕਰ ਕੇ ਵੇਖਣ ਦਾ ਹੀਆ ਰੱਖਦਾ ਹਾਂ, ਜਿਨ੍ਹਾਂ ਨਾਲ ਸਾਨੂੰ ਕਈ ਦਹਾਕਿਆਂ ਤੋਂ ਮਰਨ ਦਾ ਖ਼ੌਫ਼ ਦਿੱਤਾ ਗਿਆ ਹੈ। ਸੋ ਮੈਂ ਹੁਣ 'ਮਰ ਕੇ ਵੇਖਣ' ਦੇ ਹਰ ਮੌਕੇ ਦਾ ਪੂਰੀ ਜ਼ਿੰਦਾਦਿਲੀ ਨਾਲ ਲੁਤਫ਼ ਉਠਾਉਂਦਾ ਹਾਂ।

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

DESIGN 360
GRAPHICS & PROMOTIONS INC.
.... create a new

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਰਾਜਪਾਲ ਦੀ ਪੈਦਲ ਯਾਤਰਾ 'ਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਤੇ ਬਾਦਲ ਨੇ ਸ਼ਾਮਲ ਹੋ ਕੇ ਨਵੀਂ ਚਰਚਾ ਛੇੜੀ

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੀ ਪੈਦਲ ਯਾਤਰਾ ਦੇ ਦੂਜੇ ਦਿਨ ਅੱਜ ਫ਼ਿਰੋਜ਼ਪੁਰ 'ਚ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੀ ਵਿਚਰੇ ਜਿਸ ਨੇ ਨਵੇਂ ਸਿਆਸੀ ਸੰਕੇਤ ਦਿੱਤੇ ਹਨ। ਪੈਦਲ ਯਾਤਰਾ 'ਚ ਭਾਜਪਾ ਦੇ ਸੀਨੀਅਰ ਆਗੂ ਵੀ ਸ਼ਾਮਲ ਸਨ।

ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਸ਼ਾਇਦ ਪਹਿਲੀ ਵਾਰ ਕਿਸੇ ਜਨਤਕ ਯਾਤਰਾ 'ਚ ਸ਼ਾਮਲ ਹੋਏ ਹਨ।ਰਾਜਪਾਲ ਵੱਲੋਂ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਦੇ ਮਕਸਦ ਨਾਲ ਸ਼ੁਰੂ ਕੀਤੀ ਇਸ ਯਾਤਰਾ 'ਚੋਂ ਸਿਆਸੀ ਨਕਸ਼ ਵੀ ਉਘੜਨ ਲੱਗੇ ਹਨ। ਅੱਜ



ਫ਼ਿਰੋਜ਼ਪੁਰ 'ਚ ਪੈਦਲ ਯਾਤਰਾ ਵੀ ਹੋਈ ਅਤੇ ਸਮਾਗਮ ਵੀ ਹੋਏ। ਡੇਰਾ ਮੁਖੀ ਅਤੇ ਸ਼੍ਰੀ ਕਟਾਰੀਆ ਦਰਮਿਆਨ ਮੀਟਿੰਗ ਹੋਣ ਦੀ ਵੀ ਚਰਚਾ ਹੈ। ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅੱਜ ਵੱਖਰੇ ਤੌਰ 'ਤੇ ਪੈਦਲ ਯਾਤਰਾ 'ਚ ਪੁੱਜੇ; ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਫ਼ਰੀਦਕੋਟ ਤੋਂ ਫ਼ਿਰੋਜ਼ਪੁਰ ਪਹੁੰਚੇ। ਸਿਆਸੀ ਹਲਕਿਆਂ 'ਚ ਘੁਸਰ-ਮੁਸਰ ਸ਼ੁਰੂ ਹੋ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲੀ ਵਾਰ ਰਾਜਪਾਲ ਦੀ ਪੈਦਲ ਯਾਤਰਾ 'ਚ ਸ਼ਮੂਲੀਅਤ ਕਿਤੇ ਆਗਾਮੀ ਵਿਧਾਨ ਸਭਾ ਲਈ ਭਾਜਪਾ-ਅਕਾਲੀ ਗੱਠਜੋੜ ਹੋਣ ਦਾ ਮੁੱਢ ਤਾਂ ਨਹੀਂ ਹੈ।

ਪੰਜਾਬ ਦੇ ਰਾਜਪਾਲ ਵੱਲੋਂ ਹੁਣ ਤੱਕ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਸਮਾਜਿਕ ਮੁੱਦੇ ਦੇ ਤੌਰ 'ਤੇ ਹੀ ਲਿਆ ਹੋਇਆ ਸੀ ਅਤੇ ਇਸ ਮੁਹਿੰਮ 'ਚ ਸਿਰਫ਼ ਭਾਜਪਾ ਦੇ ਆਗੂ ਹੀ ਨਜ਼ਰ ਆਉਂਦੇ ਰਹੇ ਹਨ। ਅੱਜ ਪੈਦਲ ਯਾਤਰਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸੂਤਰ ਆਖਦੇ ਹਨ ਕਿ ਡੇਰਾ ਬਿਆਸ ਦੇ ਮੁਖੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਰਮਿਆਨ ਸਿਆਸੀ ਗੱਠਜੋੜ ਲਈ ਸੂਤਰਧਾਰ ਦੀ ਭੂਮਿਕਾ ਨਿਭਾਅ ਸਕਦੇ ਹਨ। ਚੇਤੇ ਰਹੇ ਕਿ ਡੇਰਾ ਬਿਆਸ ਦੇ ਮੁਖੀ ਨੇ ਨਾਭਾ ਜੇਲ੍ਹ 'ਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ ਤੇ ਉਸ ਨੂੰ ਬੇਕਸੂਰ ਦੱਸਿਆ ਸੀ। ਇਸ ਮੁਲਾਕਾਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਤਨਜ਼ ਤੋਂ ਵੀ ਸਿਆਸਤ 'ਚ ਕਾਫ਼ੀ ਹਲਚਲ ਹੋਈ ਸੀ। ਡੇਰਾ ਬਿਆਸ ਦੇ ਮੁਖੀ ਪਿਛਲੇ ਕੁਝ ਦਿਨਾਂ ਤੋਂ ਸਿਆਸੀ ਤੌਰ 'ਤੇ ਕਾਫ਼ੀ ਚਰਚਾ 'ਚ ਆ ਗਏ ਹਨ।

# ਚੰਡੀਗੜ੍ਹ ਤੋਂ ਵੈਨਕੂਵਰ ਲਈ ਉਡਾਣਾਂ ਸ਼ੁਰੂ ਕਰਨ ਦੀ ਮੰਗ



ਨਜ਼ਦੀਕੀ ਪਿੰਡ ਘੜੂੰਆਂ ਵਿਖੇ ਸਥਿਤ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਅਤੇ ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ (ਚੰਡੀਗੜ੍ਹ ਇੰਟਰਨੈਸ਼ਨਲ ਏਅਰ ਪੋਰਟ) ਉੱਪਰ ਉਡਾਣਾਂ ਦੀ ਗਿਣਤੀ ਨੂੰ ਵਧਾਉਣ ਦਾ ਮੁੱਦਾ ਚੁੱਕਿਆ।

ਉਨ੍ਹਾਂ ਚੰਡੀਗੜ੍ਹ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਲੰਡਨ, ਸਿੰਗਾਪੁਰ ਅਤੇ ਵੈਨਕੂਵਰ ਲਈ ਫ਼ਲਾਈਟਾਂ ਸ਼ੁਰੂ ਕਰਨ ਦੀ ਮੰਗ ਕੀਤੀ। ਸੰਸਦ ਦੇ ਬਜਟ ਸੈਸ਼ਨ ਦੇ ਸਿਫ਼ਰ ਕਾਲ ਦੌਰਾਨ ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਦੀ ਗਿਣਤੀ ਵਧਾਉਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ, "ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ 'ਪੁਆਇੰਟ ਆਫ਼ ਕਾਲ' ਸੂਚੀ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।"

'ਪੁਆਇੰਟ ਆਫ਼ ਕਾਲ' ਦੇ ਤਹਿਤ ਦੋ ਮੁਲਕਾਂ ਵਿਚਾਲੇ ਸਮਝੌਤਾ ਹੁੰਦਾ ਹੈ, ਜਿਸ ਤੋਂ ਬਾਅਦ ਕੌਮਾਂਤਰੀ ਏਅਰ ਲਾਈਨ ਕੰਪਨੀਆਂ ਨੂੰ ਕਿਸੇ ਖ਼ਾਸ ਹਵਾਈ ਅੱਡੇ ਤੋਂ ਦੁਨੀਆ ਭਰ ਵਿੱਚ ਉਡਾਣ ਭਰਨ ਲਈ ਇਜਾਜ਼ਤ ਮਿਲਦੀ ਹੈ। ਉਨ੍ਹਾਂ ਕੇਂਦਰ ਤੋਂ ਪੰਜਾਬ ਦੇ ਦੋਵੇਂ ਕੌਮਾਂਤਰੀ ਹਵਾਈ ਅੱਡਿਆਂ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੀ ਕਾਰਗੋ ਸਮਰੱਥਾ (ਸਾਮਾਨ ਦੀ ਢੋਆ ਢੁਆਈ) ਨੂੰ ਵਧਾਉਣ ਦੀ ਵੀ ਮੰਗ ਕੀਤੀ।





WALKER HOUSE
BRIONI
NOW SELLING
NORTH DELTA'S FLAGSHIP HIGH-RISE COMMUNITY
Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.
Starting from the mid $400s. Parking included.
BOOK A PRIVATE VIEWING
WalkerHouseDelta.com
BMG REAL ESTATE
BUILDING COMMUNITIES
MARKETING BY
rennie
This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ

ਸਾਡੇ ਰਿਸ਼ਤਿਆਂ, ਪਿਆਰ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੁੰਦਾ ਹੈ ਅਤੇ ਇਹ ਹੋਣਾ ਵੀ ਚਾਹੀਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਇਹ ਗੂੜ੍ਹੇ ਸਬੰਧ ਬਹੁਤ ਛੇਤੀ ਹੀ ਫਿੱਕੇ ਪੈ ਜਾਂਦੇ ਹਨ। ਇਨ੍ਹਾਂ ਦੇ ਫਿੱਕੇ ਪੈਣ ਦਾ ਕਾਰਨ ਸਾਡੀ ਉਹ ਜ਼ਿੱਦ ਹੁੰਦੀ ਹੈ ਜੋ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਨ੍ਹਾਂ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੀ ਹੁੰਦੀ ਹੈ। ਬਸ ਇਹੀ ਕਾਰਨ ਹੁੰਦਾ ਹੈ ਜੋ ਸਾਡੇ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖ਼ੂਨੀ ਬਣਾ ਦਿੰਦਾ ਹੈ। ਉਦਾਹਰਨ ਵਜੋਂ ਇੱਕ ਲੜਕੀ ਅਤੇ ਲੜਕਾ ਮਾਪਿਆਂ ਜਾਂ ਜਾਤਾਂ, ਧਰਮਾਂ ਦੀ ਰਜ਼ਾਮੰਦੀ ਤੋਂ ਵਗੈਰ ਵਿਆਹ ਕਰਵਾਉਣਾ ਚਾਹੁੰਦੇ ਹਨ, ਤਾਂ ਸਾਡਾ ਸਮਾਜ ਉਸ ਨੂੰ ਮਾਨਤਾ ਨਹੀਂ ਦਿੰਦਾ। ਸਮਾਜ ਵਿੱਚ ਆਪਣੀਆਂ ਜ਼ਿੱਦਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਦੀਆਂ ਬੰਦਸ਼ਾਂ ਅਨੁਸਾਰ ਆਪਣੇ ਆਪ ਨੂੰ ਸਹੀ ਰੱਖਣ ਲਈ ਮਾਪੇ ਆਪਣੇ ਸਭ ਤੋਂ ਨੇੜਲੇ ਅਤੇ ਪਿਆਰੇ ਖ਼ੂਨ ਦੇ ਰਿਸ਼ਤੇ ਦੇ ਖ਼ੂਨੀ ਬਣ ਜਾਂਦੇ ਹਨ। ਸਭ ਤੋਂ ਨੇੜਲੇ ਅਤੇ ਪਿਆਰੇ ਰਿਸ਼ਤੇ ਦੇ ਪੁੱਤ-ਧੀ ਕਤਲ ਕਰਕੇ ਲਾਸ਼ਾਂ ਬਣਾ ਦਿੱਤੇ ਜਾਂਦੇ ਹਨ ਅਤੇ ਮਾਂ-ਪਿਉ ਕਾਤਲ ਬਣ ਜਾਂਦੇ ਹਨ। ਜਿਸ ਸਮਾਜ ਵਿੱਚ ਆਪਣੇ ਆਪ ਨੂੰ ਸਹੀ ਰੱਖਣ ਲਈ ਇਹ ਕਦਮ ਚੁੱਕਿਆ ਜਾਂਦਾ ਹੈ, ਉਹ ਸਮਾਜ ਤੁਰੰਤ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਅੱਧੇ ਕਹਿਣਗੇ ਬੇਇੱਜ਼ਤੀ ਨਾਲੋਂ ਤਾਂ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣਾ ਹੀ ਚੰਗਾ ਹੈ, ਅੱਧੇ ਕਹਿਣਗੇ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣ ਨਾਲੋਂ ਤਾਂ ਬੱਚਿਆਂ ਨਾਲ ਸਹਿਮਤ ਹੋਣਾ ਚੰਗਾ ਸੀ। ਸਮਾਜ ਦੋ ਹਿੱਸਿਆਂ ਵਿੱਚ ਕਿਉਂ ਵੰਡਿਆ ਗਿਆ? ਕਿਉਂਕਿ ਜੇ ਕਤਲ ਕਾਰਨ ਵਾਲੇ ਸਮਾਜ ਦਾ ਹਿੱਸਾ ਸਨ ਤਾਂ ਕਤਲ ਹੋਣ ਵਾਲੇ ਵੀ ਸਾਡੇ ਸਮਾਜ ਵਿੱਚੋਂ ਹੀ ਸਨ, ਸੋਚੋ ਅਜਿਹਾ ਕਰਕੇ ਕੀ ਮਿਲਿਆ? ਰਿਸ਼ਤੇ ਵੀ ਗਏ, ਪਿਆਰ ਵੀ ਗਿਆ, ਬੱਚੇ ਵੀ ਗਵਾ ਲਏ, ਆਪਣੀ ਜ਼ਿੰਦਗੀ ਵੀ ਨਰਕ ਬਣਾ ਲਈ ਅਤੇ ਸਮਾਜ ਵੀ ਨਹੀਂ ਰਿਹਾ।

ਇਹ ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ ਕਿ ਵੱਡੇ (ਮਾਪੇ) ਹੀ ਛੋਟਿਆਂ (ਬੱਚਿਆਂ) ਉੱਤੇ ਆਪਣੀ ਸੋਚ ਥੋਪਦੇ ਹਨ, ਨਹੀਂ। ਸਮੇਂ ਅਨੁਸਾਰ ਛੋਟੇ (ਬੱਚੇ) ਵੀ ਵੱਡਿਆਂ (ਮਾਪਿਆਂ) ਉੱਤੇ ਆਪਣੀ ਸੋਚ ਉਵੇਂ ਹੀ ਥੋਪਦੇ ਹਨ, ਕਿਉਂਕਿ ਸਾਡੀ ਮਾਨਸਿਕਤਾ ਹੀ ਅਜਿਹੀ ਬਣੀ ਹੋਈ ਹੁੰਦੀ ਹੈ ਜਿਸ ਵਿੱਚ ਆਜ਼ਾਦੀ ਦੀ ਥਾਂ ਗੁਲਾਮੀ ਵਾਲੀ ਸੋਚ ਭਾਰੂ ਹੁੰਦੀ ਹੈ। ਇਸ ਕਾਰਨ ਅਸੀਂ ਇੱਕ-ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਨ੍ਹਾਂ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੇ ਹੁੰਦੇ ਹਾਂ। ਉਦਾਹਰਨ ਵਜੋਂ ਕਿਸੇ ਪਤੀ-ਪਤਨੀ ਵਿੱਚੋਂ ਪਤੀ ਜਾਂ ਪਤਨੀ ਮਰ ਜਾਵੇ ਤਾਂ ਸਾਡਾ ਸਮਾਜ ਉਨ੍ਹਾਂ ਵਿੱਚੋਂ ਬਚੇ ਹੋਏ ਇੱਕ ਵੱਲੋਂ ਦੁਬਾਰਾ ਵਿਆਹ ਕਰਵਾਉਣ ਨੂੰ ਠੀਕ ਨਹੀਂ ਸਮਝਦਾ, ਜਿਵੇਂ ਕਿ ਜੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਵਿਆਹ ਕਰਵਾਉਣਾ ਚਾਹੇ ਤਾਂ ਪਤਨੀ ਨੂੰ ਸਮਾਜ ਕਹੇਗਾ ਬਸ ਤੇਰੇ ਕਰਮਾਂ ਵਿੱਚ ਪਤੀ ਦਾ ਇੰਨਾ ਹੀ ਸੁੱਖ ਸੀ, ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖ਼ਬਰੈ ਅੱਗੇ ਕਿਹੋ ਜਿਹਾ ਮਾੜਾ ਬੰਦਾ ਟੱਕਰੇਗਾ, ਰੱਬ ਨੇ ਤੈਨੂੰ ਪੁੱਤ-ਧੀ ਦੇ ਦਿੱਤਾ ਹੈ, ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦੀ ਚੰਗੀ ਨਹੀਂ ਲੱਗਦੀ। ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲੇਂਗੀ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ, ਹੁਣ ਤੂੰ ਸਾਡੀ ਇੱਜ਼ਤ ਮਿੱਟੀ ਵਿੱਚ ਮਿਲਾਂਏਗੀ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ। ਇਹ ਹੈ ਸਾਡਾ ਪਿਆਰ, ਰਿਸ਼ਤੇ ਅਤੇ ਸਮਾਜ। ਅਜਿਹੇ ਸਮਾਜ ਨੂੰ ਸਵਾਲ ਤਾਂ ਕਰਨਾ ਬਣਦਾ ਹੀ ਹੈ ਕਿ ਕੀ ਮਾਪਿਆਂ ਦੀ ਸੋਚ ਅਨੁਸਾਰ ਹੀ ਬੱਚਿਆਂ ਦਾ ਵਿਆਹ ਕਰਵਾਉਣਾ ਜਾਂ ਕੀ ਬੱਚਿਆਂ ਦੀ ਸੋਚ ਅਨੁਸਾਰ ਹੀ ਮਾਪਿਆਂ ਦਾ ਵਿਆਹ ਨਾ ਕਰਵਾਉਣਾ ਚੰਗਾ ਹੈ? ਕੀ ਇਨਸਾਨ ਦੀ ਆਪਣੀ ਕੋਈ ਜ਼ਿੰਦਗੀ ਨਹੀਂ ਹੈ, ਜੋ ਉਹ ਆਪਣੀ ਸੋਚ ਅਨੁਸਾਰ ਜਿਉਂ ਸਕੇ? ਕੀ ਜ਼ਿੰਦਗੀ ਦਾ ਮਨੋਰਥ ਬੱਚੇ ਪੈਦਾ ਕਰਕੇ ਪਾਲਣ ਤੋਂ ਵੱਧ ਹੋਰ ਕੁਝ ਵੀ ਨਹੀਂ ਹੁੰਦਾ? ਅਸੀਂ ਆਪਣੇ ਲਈ ਕਦੋਂ ਜਿਉਣਾ ਸਿੱਖਾਂਗੇ ਜਾਂ ਜਿਉਣ ਲੱਗਾਂਗੇ। ਪਹਿਲਾਂ ਬੱਚੇ ਮਾਪਿਆਂ ਅਨੁਸਾਰ ਜਿਉਣ, ਫਿਰ ਮਾਪੇ ਬੱਚਿਆਂ ਅਨੁਸਾਰ ਜਿਉਣ, ਜਿੰਨਾ ਜਵਾਨ ਬੱਚਿਆਂ ਨੂੰ ਮਾਪਿਆਂ ਵੱਲੋਂ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ ਜਾਂ ਆਪਣੀ ਪਸੰਦ ਦਾ ਵਿਆਹ ਨਾ ਕਰਵਾਉਣ ਦੇਣਾ ਗ਼ਲਤ ਹੈ, ਓਨਾ ਹੀ ਜਵਾਨ ਬੱਚਿਆਂ ਵੱਲੋਂ ਮਾਪਿਆਂ ਨੂੰ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ, ਕੋਈ ਅਣਹੋਣੀ ਹੋਣ 'ਤੇ ਆਪਣੀ ਲੋੜ ਮੁਤਾਬਿਕ ਵਿਆਹ ਨਾ ਕਰਵਾਉਣ ਦੇਣਾ ਜਾਂ ਉਨ੍ਹਾਂ ਦੀਆਂ ਵੰਡੀਆਂ ਪਾਉਣਾ ਵੀ ਗ਼ਲਤ ਹੈ। ਕਿਧਰੇ ਮਾਪੇ ਬੱਚਿਆਂ ਦੇ ਭੋਲੇਪਣ ਜਾਂ ਨਿਆਣੇਪਣ ਅਤੇ ਆਪਣੇ ਵਡੱਪਣ ਦਾ ਲਾਭ ਉਠਾਉਂਦਿਆਂ ਬੱਚਿਆਂ ਨੂੰ ਆਪਣੀ ਸੋਚ ਅਨੁਸਾਰ ਜਾਤੀ ਜਾਂ ਧਾਰਮਿਕ ਰੰਗਾਂ ਵਿੱਚ ਰੰਗ ਰਹੇ ਹਨ। ਮੈਂ ਅਜਿਹੇ ਮਾਪਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਸਮਝਦਾਰ ਬੱਚੇ ਵੀ ਰੋਂਦੇ ਵੇਖੇ ਹਨ। ਕਿਤੇ ਜਵਾਨ ਹੋਏ ਬੱਚੇ ਆਪਣੀ ਤਾਕਤ ਅਤੇ ਮਾਪਿਆਂ ਦੀ ਬੇਵਸੀ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਆਪਣੀ ਸੋਚ ਅਨੁਸਾਰ ਮਾਪਿਆਂ ਦੀ ਸੋਚ ਦੇ ਰੰਗਾਂ ਨੂੰ ਉਤਾਰ ਰਹੇ ਹਨ, ਅਜਿਹੇ ਬੱਚਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਮਾਪੇ ਆਪਣੇ ਹੰਝੂ ਛੁਪਾ ਕੇ ਰੋਂਦੇ ਵੀ ਵੇਖੇ ਹਨ। ਕਈ ਬੱਚੇ ਅੱਡ ਹੋਣ ਸਮੇਂ ਮਾਂ-ਪਿਓ ਨੂੰ ਇਕੱਠਿਆਂ ਰੋਟੀ ਦੇਣ ਦੀ ਥਾਂ ਜਾਇਦਾਦ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਅੱਧੋ ਅੱਧ ਵੰਡ ਕੇ ਵੱਖ ਵੱਖ ਕਰਦਿਆਂ ਇਕੱਲੇ ਇਕੱਲੇ ਨੂੰ ਤੜਫ਼ ਕੇ ਰੋਣ ਲਈ ਮਜਬੂਰ ਕਰ ਦਿੰਦੇ ਹਨ, ਜਿੱਥੇ ਉਨ੍ਹਾਂ ਦੇ ਕੋਈ ਹੰਝੂ ਪੂੰਝਣ ਵਾਲਾ ਵੀ ਨਹੀਂ ਹੁੰਦਾ, ਅਜਿਹੇ ਮਾਪੇ ਆਪਣੇ ਘਰ ਵਿੱਚ ਹੀ ਕੈਦੀ ਬਣ ਕੇ ਰਹਿ ਜਾਂਦੇ ਹਨ। ਮਾਪੇ ਬੱਚਿਆਂ ਦੀ ਖ਼ੁਸ਼ੀ ਲਈ ਹਰ ਸੰਭਵ ਤੇ ਅਸੰਭਵ ਯਤਨ ਕਰਦੇ ਹਨ। ਮਾਪੇ ਆਪਣਾ ਸੁੱਖ ਆਰਾਮ ਤਿਆਗ ਕੇ ਬੱਚਿਆਂ ਦੇ ਵੇਖਣ, ਸੁਣਨ, ਖਾਣ-ਪੀਣ, ਪਹਿਨਣ ਅਤੇ ਰਹਿਣ ਸਹਿਣ ਦੀ ਹਰ ਵਸਤੂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਮਾਪਿਆਂ ਨੂੰ ਆਪਣੇ ਮਨਪਸੰਦ ਦਾ ਵੇਖਣਾ, ਸੁਣਨਾ, ਖਾਣਾ-ਪੀਣਾ, ਪਹਿਨਣਾ ਅਤੇ ਰਹਿਣਾ ਸਹਿਣਾ ਚੰਗਾ ਨਹੀਂ ਲੱਗਦਾ। ਅਜਿਹਾ ਕੁਝ ਚੰਗਾ ਉਨ੍ਹਾਂ ਨੂੰ ਵੀ ਬੱਚਿਆਂ ਵਾਂਗ ਹੀ ਲੱਗਦਾ ਹੁੰਦਾ ਹੈ, ਪਰ ਉਹ ਬੱਚਿਆਂ ਦੀਆਂ ਖ਼ੁਸ਼ੀਆਂ ਲਈ ਆਪਣੀਆਂ ਖ਼ੁਸ਼ੀਆਂ ਅਤੇ ਪਸੰਦਾਂ ਉੱਤੇ ਕਾਬੂ ਪਾ ਕੇ ਰੱਖਦੇ ਹਨ ਕਿ ਆਪਣਾ ਕੀ ਹੈ, ਪਰ ਇਹ ਚੀਜ਼ਾਂ ਬੱਚਿਆਂ ਨੂੰ ਮਿਲਣੀਆਂ ਚਾਹੀਦੀਆਂ ਹਨ। ਆਪਣੇ ਬੱਚਿਆਂ ਨੂੰ ਹਰ ਸ਼ੈਅ ਮੁਹੱਈਆ ਕਰਵਾਉਣ ਵਾਲੇ ਮਾਪੇ ਅਖੀਰ ਹਰ ਸ਼ੈਅ ਤੋਂ ਵਾਂਝੇ ਹੋ ਕੇ ਆਪਣੀ ਜ਼ਿੰਦਗੀ ਨੂੰ ਖ਼ੁਦ ਲਈ ਨਾ ਜਿਉਣ ਦੇ ਪਛਤਾਵੇ ਵਿੱਚ ਬੈਠੇ ਮੌਤ ਦੀ ਉਡੀਕ ਕਰ ਰਹੇ ਹੁੰਦੇ ਹਨ।

ਜਿਹੜੇ ਘਰਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਗੂੜ੍ਹੇ ਹਨ, ਜੋ ਇਨਸਾਨੀ ਕਦਰਾਂ ਕੀਮਤਾਂ ਨੂੰ ਸਮਝਦੇ ਹਨ, ਉਨ੍ਹਾਂ ਘਰਾਂ ਵਿੱਚ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸ਼ੀਆਂ ਜਿਹੀਆਂ ਸਮਾਜਿਕ ਬੁਰਾਈਆਂ ਜਨਮ ਨਹੀਂ ਲੈਂਦੀਆਂ, ਪਰ ਜਿਹੜੇ ਘਰਾਂ ਵਿੱਚ ਇਨਸਾਨੀ ਕਦਰਾਂ ਕੀਮਤਾਂ ਦੀ ਘਾਟ, ਆਪਸੀ ਤਾਲਮੇਲ, ਇੱਕ-ਦੂਜੇ ਦੀਆਂ ਸੋਚਾਂ ਅਤੇ ਲੋੜਾਂ ਨੂੰ ਸਮਝਣ, ਸਮਝਾਉਣ ਦੀ ਕਮੀ ਹੁੰਦੀ ਹੈ, ਉੱਥੇ ਹੀ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖੁਦਕੁਸ਼ੀਆਂ ਵਰਗੀਆਂ ਭੈੜੀਆਂ ਘਟਨਾਵਾਂ ਵਾਪਰਦੀਆਂ ਹਨ। ਅਫ਼ਸੋਸ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਨ ਜਾਂ ਆਪਣੀਆਂ ਕਮੀਆਂ ਨੂੰ ਸਮਝਣ ਦੀ ਥਾਂ ਸਾਰੇ ਦੋਸ਼ ਦੂਜਿਆਂ ਸਿਰ ਮੜ੍ਹ ਕੇ ਆਪ ਸੁਰਖਰੂ ਹੋ ਜਾਂਦੇ ਹਾਂ, ਜਿਸ ਕਾਰਨ ਇਹ ਵਰਤਾਰਾ ਵਧ ਰਿਹਾ ਹੈ। ਸਾਡੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਤਾਂ ਇੰਨੇ ਫਿੱਕੇ ਪੈ ਚੁੱਕੇ ਹਨ ਕਿ ਅਸੀਂ ਆਪਣੀਆਂ ਪਰਿਵਾਰਕ ਕਮੀਆਂ, ਲੜਾਈਆਂ, ਝਗੜਿਆਂ ਕਾਰਨ ਛੋਟੇ ਵੱਡਿਆਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਨੂੰ ਬੇਰੁਜ਼ਗਾਰੀ ਅਤੇ ਆਰਥਿਕਤਾ ਨਾਲ ਜੋੜ ਕੇ ਉਸ ਦਾ ਵੀ ਮੁੱਲ ਵੱਟ ਲੈਂਦੇ ਹਾਂ। ਇਹ ਹੈ ਸਾਡੇ ਰਿਸ਼ਤਿਆਂ, ਪਿਆਰ ਅਤੇ ਸਮਾਜ ਦੀ ਤਰਾਸਦੀ। ਬੱਚਿਓ ਅਤੇ ਮਾਪਿਓ ਸਮਝ ਜਾਓ, ਆਪਣੀਆਂ ਜ਼ਿੱਦਾਂ, ਬੰਦਸ਼ਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਆਪਣੇ ਰਿਸ਼ਤਿਆਂ ਅਤੇ ਪਿਆਰ ਨੂੰ ਬਚਾ ਕੇ ਸੋਹਣਾ, ਪਿਆਰਾ ਅਤੇ ਆਜ਼ਾਦ ਸਮਾਜ ਸਿਰਜ ਲਓ। ਇਨ੍ਹਾਂ ਜ਼ਿੱਦਾਂ, ਬੰਦਸ਼ਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਨੇ ਤੁਹਾਡੇ ਕੋਲ ਸਭ ਕੁਝ ਯਾਨੀ ਪੈਸਾ, ਕਾਰਾਂ, ਕੋਠੀਆਂ ਆਦਿ ਹੁੰਦਿਆਂ ਵੀ ਜ਼ਿੰਦਗੀ ਦਾ ਅਨੰਦ ਨਹੀਂ ਆਉਣ ਦੇਣਾ। ਇਸ ਲਈ ਆਓ ਅਸੀਂ ਸਾਰੇ ਰਲ਼ ਕੇ ਆਪਣੇ ਵਿਕਾਰਾਂ ਨੂੰ ਤਿਆਗ ਕੇ ਇੱਕ-ਦੂਜੇ ਉੱਤੇ ਆਪਣੀ ਸੋਚ ਥੋਪ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਫਿੱਕਾ ਕਰਕੇ ਨਫ਼ਰਤਾਂ ਫੈਲਾਉਣਾ ਬੰਦ ਕਰੀਏ। ਨਸ਼ੇ ਜਾਂ ਖੁਦਕੁਸ਼ੀਆਂ ਕਰਨ ਦੀ ਥਾਂ ਆਪੋ ਆਪਣੀ ਸੋਚ ਅਨੁਸਾਰ ਜ਼ਿੰਦਗੀ ਜਿਉਣ ਲਈ ਇੱਕ-ਦੂਜੇ ਦਾ ਸਾਥ ਦੇ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਹੋਰ ਵੀ ਗੂੜ੍ਹਾ ਕਰੀਏ। ਮੇਰਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਸਾਨੂੰ ਇੱਕ-ਦੂਜੇ ਦੀ ਗੱਲ ਨਹੀਂ ਮੰਨਣੀ ਚਾਹੀਦੀ ਜਾਂ ਆਪੋ ਧਾਪੀ ਕਰਨੀ ਚਾਹੀਦੀ ਹੈ, ਬਲਕਿ ਮੈਂ ਚਾਹੁੰਦਾ ਹਾਂ ਕਿ ਸਾਨੂੰ ਰਿਸ਼ਤਿਆਂ ਵਿੱਚ ਪਿਆਰ ਕਾਇਮ ਰੱਖਣ ਲਈ ਬੱਚਿਆਂ-ਮਾਪਿਆਂ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਦਾ ਧਿਆਨ ਰੱਖਦਿਆਂ ਹਰ ਗੱਲ 'ਤੇ ਆਪਸ ਵਿੱਚ ਮਿਲ ਬੈਠ ਕੇ ਵਿਚਾਰ ਕਰਨੀ ਚਾਹੀਦੀ ਹੈ। ਕਿਸੇ ਦੀ ਗੱਲ ਨੂੰ ਵੱਡਿਆਂ ਜਾਂ ਛੋਟਿਆਂ ਦੀ ਇੱਜ਼ਤ ਦਾ ਸਵਾਲ ਬਣਾਉਣ ਜਾਂ ਦੂਜੇ ਦੀ ਜ਼ਿੰਦਗੀ ਵਿੱਚ ਰੁਕਾਵਟ ਪਾਉਣ ਦੀ ਥਾਂ ਸਹਿਯੋਗ ਦੇਣਾ ਚਾਹੀਦਾ ਹੈ। ਬੇਸ਼ੱਕ ਕਾਨੂੰਨ ਨੇ ਸਾਨੂੰ ਸਭ ਨੂੰ ਅਜਿਹੇ ਹੱਕ ਦਿੱਤੇ ਹੋਏ ਹਨ ਕਿ ਕੋਈ ਕਿਸੇ ਦੀ ਨਿੱਜੀ ਜ਼ਿੰਦਗੀ ਵਿੱਚ ਦਖਲ ਨਹੀਂ ਦੇ ਸਕਦਾ, ਪਰ ਜੇ ਉਹ ਜਾਇਜ਼ ਹੱਕ ਵੀ ਅਸੀਂ ਆਪਸ ਵਿੱਚ ਲੜ ਕੇ, ਰਿਸ਼ਤੇ ਅਤੇ ਪਿਆਰ ਗਵਾ ਕੇ ਪ੍ਰਾਪਤ ਕੀਤੇ, ਫਿਰ ਕੀ ਫਾਇਦਾ ਹੋਇਆ? ਕਿੰਨਾ ਚੰਗਾ ਹੋਵੇ ਕਿ ਜੇ ਅਸੀਂ ਇੱਕ-ਦੂਜੇ ਤੋਂ ਹੱਕ ਲੈਣ ਲਈ ਲੜ ਕੇ ਹੱਥ ਉਠਾਉਣ ਦੀ ਥਾਂ, ਇੱਕ-ਦੂਜੇ ਨੂੰ ਉਸ ਦੇ ਹੱਕ ਦੇਣ ਲਈ ਪਿਆਰ ਨਾਲ ਹੱਥ ਅੱਗੇ ਵਧਾਈਏ, ਫਿਰ ਉਨ੍ਹਾਂ ਉੱਠੇ ਹੱਥਾਂ ਵਿੱਚੋਂ ਨਫ਼ਰਤ ਦੀ ਥਾਂ ਸਾਡੇ ਰਿਸ਼ਤਿਆਂ ਦਾ ਪਿਆਰ ਝਲਕੇਗਾ ਅਤੇ ਫਿਰ ਸਾਡਾ ਸਮਾਜ ਵੀ ਪਿਆਰ ਦੇ ਗੂੜ੍ਹੇ ਰੰਗ ਵਿੱਚ ਰੰਗਿਆ ਜਾਵੇਗਾ।


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
• All vehicles any make or model
• Commercial Trucks, any make or model

CERTIFIED
• ICBC CARSHOP Valet Express Shop with certified technicians and equipment
• ICBC Glass Express
• Private Insurance Companies

*We handle private insurance claims:*
family INSURANCE | intact INSURANCE | canadian direct insurance.
economical INSURANCE | CNS | RSA

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

SERVICE
Open Monday-Saturday - 8 am to 6 pm
• Courtesy Cars
• Vehicle pick-up and drop-off

# ਲਿਵ-ਇਨ ਸਬੰਧਾਂ ਨੇ ਸਮਾਜ ’ਚ ਉਥਲ-ਪੁਥਲ ਲਿਆਂਦੀ

ਹਾਲ ਹੀ ਵਿਚ ਮਦਰਾਸ ਹਾਈ ਕੋਰਟ ਨੇ ਲਿਵ-ਇਨ-ਰਿਲੇਸ਼ਨਸ਼ਿਪ ਦੇ ਚਲਨ ’ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਅਜਿਹੇ ਰਿਸ਼ਤਿਆਂ ਵਿਚ ਮਹਿਲਾਵਾਂ ਨੂੰ ਪਤਨੀ ਦਾ ਦਰਜਾ ਦੇ ਕੇ ਸੁਰੱਖਿਆ ਦਿੱਤੀ ਜਾਵੇ। ਕੋਰਟ ਨੇ ਇਹ ਵੀ ਕਿਹਾ, ‘‘ਲਿਵ-ਇਨ-ਰਿਲੇਸ਼ਨ ਭਾਰਤੀ ਸਮਾਜ ਲਈ ਇਕ ਸੱਭਿਆਚਾਰਕ ਝਟਕਾ ਹੈ ਪਰ ਇਹ ਵੱਡੇ ਪੈਮਾਨੇ ’ਤੇ ਹੋ ਰਹੇ ਹਨ। ਲੜਕੀਆਂ ਸੋਚਦੀਆਂ ਹਨ ਕਿ ਉਹ ਮਾਡਰਨ ਹਨ ਅਤੇ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿਣ ਦਾ ਫ਼ੈਸਲਾ ਕਰਦੀਆਂ ਹਨ ਪਰ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਇਹ ਰਿਸ਼ਤਾ ਸ਼ਾਦੀ ਦੀ ਤਰ੍ਹਾਂ ਕੋਈ ਸੁਰੱਖਿਆ ਨਹੀਂ ਦੇ ਰਿਹਾ ਹੈ।’’ ਤਮਾਮ ਅਦਾਲਤਾਂ ਨਿਰੰਤਰ ਇਸ ਬਾਬਤ ਖ਼ਬਰਦਾਰ ਕਰਦੀਆਂ ਰਹੀਆਂ ਹਨ ਕਿ ਲਿਵ-ਇਨ-ਰਿਲੇਸ਼ਨਸ਼ਿਪ ਉਮੀਦ ਮੁਤਾਬਕ ਲੜਕੀਆਂ ਲਈ ਸਮਾਜਿਕ ਤੌਰ ’ਤੇ ਕਿਤੇ ਜ਼ਿਆਦਾ ਨੁਕਸਾਨਦੇਹ ਹੈ ਪਰ ਸ਼ਾਇਦ ਨੌਜਵਾਨਾਂ ਲਈ ਆਧੁਨਿਕ ਹੋਣ ਦਾ ਮਤਲਬ ਪੱਛਮੀ ਸੰਸਕ੍ਰਿਤੀ ਨੂੰ ਅਪਣਾਉਣਾ ਹੋ ਗਿਆ ਹੈ। ਉਨ੍ਹਾਂ ਦੀ ਇਹ ਸੋਚ ਉਨ੍ਹਾਂ ਨੂੰ ਅਜਿਹੇ ਹਾਲਾਤ ਵਿਚ ਧੱਕ ਦਿੰਦੀ ਹੈ ਜਿੱਥੋਂ ਨਿਕਲਣ ਦਾ ਹਰ ਉਪਰਾਲਾ ਨਾਕਾਮ ਹੋ ਜਾਂਦਾ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿਣ ਵਾਲਾ ਕੋਈ ਵੀ ਜੋੜਾ ਅਦਾਲਤ ਦਾ ਦਰਵਾਜ਼ਾ ਖੜਕਾਉਂਦਾ ਹੋਇਆ ਨਹੀਂ ਦਿਖਾਈ ਦਿੰਦਾ। ਅਗਸਤ 2023 ਵਿਚ ‘ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਅਤੇ ਹੋਰ’ ਮਾਮਲੇ ਵਿਚ ਇਲਾਹਾਬਾਦ ਹਾਈ ਕੋਰਟ ਦੀ ਟਿੱਪਣੀ ਸੀ ਕਿ ਜ਼ਿਆਦਾਤਰ ਲਿਵ-ਇਨ ਜੋੜਿਆਂ ਵਿਚਾਲੇ ਬ੍ਰੇਕਅੱਪ ਹੋ ਜਾਂਦਾ ਹੈ ਅਤੇ ਉਸ ਤੋਂ ਬਾਅਦ ਮਹਿਲਾ ਲਈ ਸਮਾਜ ਦਾ ਸਾਹਮਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਕ ਤਰ੍ਹਾਂ ਨਾਲ ਸਮਾਜਿਕ ਬਾਈਕਾਟ ਤੋਂ ਲੈ ਕੇ ਬੇਹੂਦਾ ਜਨਤਕ ਟਿੱਪਣੀਆਂ ਲਿਵ-ਇਨ-ਰਿਲੇਸ਼ਨਸ਼ਿਪ ਤੋਂ ਬਾਅਦ ਉਸ ਦੇ ਕਸ਼ਟਾਂ ਦਾ ਹਿੱਸਾ ਬਣ ਜਾਂਦੀਆਂ ਹਨ। ਜਿਸ ਪੱਛਮੀ ਸੰਸਕ੍ਰਿਤੀ ਤੋਂ ਪ੍ਰੇਰਿਤ ਹੋ ਕੇ ਨੌਜਵਾਨ ਪੀੜ੍ਹੀ ਲਿਵ-ਇਨ-ਰਿਲੇਸ਼ਨਸ਼ਿਪ ਅਪਣਾ ਰਹੀ ਹੈ, ਉਸ ਨੂੰ ਇਹ ਜਾਣਨਾ ਹੋਵੇਗਾ ਕਿ ਅੱਜ ਵੀ ਪੁਰਸ਼ਾਂ ਤੇ ਇਸਤਰੀਆਂ ਲਈ ਸਪਸ਼ਟ ਤੌਰ ’ਤੋਂ ਅਲੱਗ ਨੈਤਿਕ ਨਿਯਮ ਹਨ ਅਤੇ ਇਸ ਦੀ ਮਿਸਾਲ ਬ੍ਰੀਏਨਾ ਪੇਰੇਲੀ-ਹੈਰਿਸ ਦੀ ਖੋਜ ਹੈ ਜੋ ਯੂਰਪ ਦੇ 11 ਦੇਸ਼ਾਂ ’ਤੇ ਆਧਾਰਤ ਹੈ। ਇਸ ਵਿਚ ਦੇਖਿਆ ਗਿਆ ਕਿ ਲਿਵ-ਇਨ ਵਿਚ ਰਹਿਣ ਵਾਲੀਆਂ ਮਹਿਲਾਵਾਂ ਨੂੰ ਪੁਰਸ਼ਾਂ ਦੀ ਤੁਲਨਾ ਵਿਚ ਜ਼ਿਆਦਾ ਨਾਂਹ-ਪੱਖੀ ਦ੍ਰਿਸ਼ਟੀ, ਚਰਿੱਤਰ ਬਾਰੇ ਸ਼ੱਕ ਅਤੇ ਸਮਾਜਿਕ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਖੋਜ ਇਹ ਵੀ ਦੱਸਦੀ ਹੈ ਕਿ ਜਿੱਥੇ ਰਵਾਇਤੀ ਪਰਿਵਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਜ਼ਿਆਦਾ ਮਜ਼ਬੂਤ ਹਨ, ਓਥੇ ਹੀ ਲਿਵ-ਇਨ ਤੋਂ ਬਾਅਦ ਔਰਤਾਂ ਲਈ ਨਵੇਂ ਸਬੰਧਾਂ ਵਿਚ ਸਥਾਪਤ ਹੋਣਾ, ਸਮਾਜਿਕ ਪ੍ਰਵਾਨਗੀ ਹਾਸਲ ਕਰਨਾ ਅਤੇ ਸਨਮਾਨਜਨਕ ਜੀਵਨ ਵਿਚ ਮੁੜ ਪ੍ਰਵੇਸ਼ ਕਰਨਾ ਕਿਤੇ ਜ਼ਿਆਦਾ ਮੁਸ਼ਕਲ ਹੋ ਜਾਂਦਾ ਹੈ। ਇਸੇ ਅਸਮਾਨ ਅਤੇ ਕਠੋਰ ਸਮਾਜਿਕ ਵਿਵਹਾਰ ਨੂੰ ਖੋਜ-ਕਰਤਾਵਾਂ ਨੇ ਸਪਸ਼ਟ ਰੂਪ ਵਿਚ ‘ਜੈਂਡਰਜ਼ ਸਟਿਗਮਾ’ ਕਿਹਾ ਹੈ। ਉਕਤ ਖੋਜ ਇਹ ਸਥਾਪਤ ਕਰਦੀ ਹੈ ਕਿ ਲਿਵ-ਇਨ ਸਬੰਧ ਮਹਿਲਾਵਾਂ ਲਈ ਸਿਰਫ਼ ਨਿੱਜੀ ਬਦਲ ਨਹੀਂ ਰਹਿ ਜਾਂਦਾ ਬਲਕਿ ਇਕ ਅਜਿਹਾ ਸਮਾਜਿਕ ਜੋਖ਼ਮ ਬਣ ਜਾਂਦਾ ਹੈ ਜਿਸ ਦੇ ਲੰਬੇ ਸਮੇਂ ਦੇ ਮਾਨਸਿਕ, ਸਮਾਜਿਕ ਅਤੇ ਭਵਿੱਖੀ ਮਾੜੇ ਨਤੀਜੇ ਹੁੰਦੇ ਹਨ। ਤਮਾਮ ਅਧਿਐਨ ਇਸ ਤੱਥ ਨੂੰ ਸਥਾਪਤ ਕਰ ਰਹੇ ਹਨ ਕਿ ਲਿਵ-ਇਨ-ਰਿਲੇਸ਼ਨਸ਼ਿਪ ਕਦੇ ਵੀ ਵਿਆਹ ਸੰਸਥਾ ਦਾ ਬਦਲ ਨਹੀਂ ਹੋ ਸਕਦਾ। ਮਨੋਵਿਗਿਆਨੀ ਸਕਾਟ ਐੱਮ ਸਟੈਨਲੀ ਆਪਣੇ ‘ਸਲਾਈਡਿੰਗ ਬਨਾਮ ਡੀਸਲਾਈਡਿੰਗ ਸਿਧਾਂਤ’ ਵਿਚ ਸਪਸ਼ਟ ਕਰਦਾ ਹੈ ਕਿ ਲਿਵ-ਇਨ ਸਬੰਧਾਂ ਵਿਚ ਨੌਜਵਾਨ ਵਰਗ ਅਕਸਰ ਸੋਚ-ਸਮਝ ਕੇ ਫ਼ੈਸਲਾ ਨਹੀਂ ਲੈਂਦਾ ਬਲਕਿ ਹਾਲਾਤ ਦੇ ਨਾਲ ਹੌਲੀ-ਹੌਲੀ ਬਹਿਕਦੇ ਹੋਏ ਜੀਵਨ ਦੇ ਵੱਡੇ ਫ਼ੈਸਲੇ ਲੈ ਬੈਠਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚ ਸਪਸ਼ਟ ਅਤੇ ਸੁਚੇਤ ਪ੍ਰਤੀਬੱਧਤਾ ਨਹੀਂ ਹੁੰਦੀ। ਇਹੀ ਅਸੰਤੁਲਨ ਅੱਗੇ ਚੱਲ ਕੇ ਭਾਵਨਾਤਮਕ ਅਸੁਰੱਖਿਆ, ਮਾਨਸਿਕ ਤਣਾਅ ਅਤੇ ਸਬੰਧਾਂ ਦੀ ਅਸਥਿਰਤਾ ਦਾ ਕਾਰਨ ਬਣਦਾ ਹੈ। ਸਟੈਨਲੀ ਦੀ ਖੋਜ ਕਹਿੰਦੀ ਹੈ ਕਿ ਲਿਵ-ਇਨ ਸਬੰਧ ਟੁੱਟਣ ’ਤੇ ਤਣਾਅ, ਆਤਮ-ਸਨਮਾਨ ਵਿਚ ਗਿਰਾਵਟ ਅਤੇ ਭਵਿੱਖ ਦੇ ਰਿਸ਼ਤਿਆਂ ’ਤੇ ਨਾਂਹ-ਪੱਖੀ ਅਸਰ ਛੱਡਦੇ ਹਨ। ਸਟੈਨਲੀ ਦਾ ਮੰਨਣਾ ਹੈ ਕਿ ਲਿਵ-ਇਨ ਸਬੰਧ ਆਕਰਸ਼ਕ ਲੱਗ ਸਕਦੇ ਹਨ ਪਰ ਅਸਲ ਵਿਚ ਉਹ ਉੱਚ ਜੋਖ਼ਮ ਵਾਲੇ ਹਨ ਜਿਨ੍ਹਾਂ ਦੇ ਅਕਸਰ ਨਾਂਹ-ਪੱਖੀ ਨਤੀਜੇ ਸਾਹਮਣੇ ਆਉਂਦੇ ਹਨ। ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਅਤੇ ਹੋਰ ਮਾਮਲੇ ਵਿਚ ਇਲਾਹਾਬਾਦ ਹਾਈ ਕੋਰਟ ਦੀ ਇਹ ਟਿੱਪਣੀ ਇਕ ਤਰ੍ਹਾਂ ਨਾਲ ਸਟੈਨਲੀ ਦੀ ਵਿਚਾਰਧਾਰਾ ’ਤੇ ਮੋਹਰ ਲਾਉਂਦੀ ਹੋਈ ਦਿਖਾਈ ਦਿੰਦੀ ਹੈ ਕਿ ਵਿਆਹ ਸੰਸਥਾ ਵਿਅਕਤੀ ਨੂੰ ਜੋ ਸੁਰੱਖਿਆ, ਸਮਾਜਿਕ ਪ੍ਰਵਾਨਗੀ, ਪ੍ਰਗਤੀ ਅਤੇ ਸਥਿਰਤਾ ਪ੍ਰਦਾਨ ਕਰਦੀ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਕਦੇ ਨਹੀਂ ਦੇ ਸਕਦਾ।



ਭਾਰਤੀ ਸਮਾਜ ਦੀ ਸਭ ਤੋਂ ਵੱਡੀ ਚੁਣੌਤੀ ਉਸ ਸੰਸਕ੍ਰਿਤੀ ਦੇ ਪਿੱਛੇ ਭੱਜਣਾ ਹੈ ਜਿਸ ਨੂੰ ਪੱਛਮੀ ਸੰਸਕ੍ਰਿਤੀ ਅਤੇ ਬਾਲੀਵੁੱਡ ਨੇ ਸਥਾਪਤ ਕੀਤਾ ਹੈ। ਇਸ ਸਬੰਧ ਵਿਚ ਇਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ ਇਸ ਦੇਸ਼ ਵਿਚ ਵਿਆਹ ਸੰਸਥਾ ਨੂੰ ਨਸ਼ਟ ਕਰਨ ਅਤੇ ਸਮਾਜ ਨੂੰ ਅਸਥਿਰ ਕਰਨ ਅਤੇ ਸਾਡੇ ਦੇਸ਼ ਦੀ ਤਰੱਕੀ ਵਿਚ ਅੜਿੱਕਾ ਪਾਉਣ ਦੀ ਵਿਵਸਥਿਤ ਯੋਜਨਾ ਹੈ। ਫਿਲਮਾਂ ਤੇ ਟੀਵੀ ਸੀਰੀਅਲਾਂ ਦੇ ਪ੍ਰਸਾਰਨ ਨਾਲ ਵਿਆਹ ਸੰਸਥਾ ਦਾ ਖ਼ਾਤਮਾ ਹੋ ਰਿਹਾ ਹੈ। ਵਿਆਹੁਤਾ ਰਿਸ਼ਤਿਆਂ ਵਿਚ ਸਾਥੀ ਨਾਲ ਬੇਵਫ਼ਾਈ ਅਤੇ ਸੁਤੰਤਰ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਪ੍ਰਗਤੀਸ਼ੀਲ ਸਮਾਜ ਦੀ ਨਿਸ਼ਾਨੀ ਦੱਸਿਆ ਜਾ ਰਿਹਾ ਹੈ।

ਨੌਜਵਾਨ ਪੀੜ੍ਹੀ ਅਜਿਹੇ ਦਰਸ਼ਨ ਵੱਲ ਖਿੱਚੀ ਜਾ ਰਹੀ ਹੈ ਕਿਉਂਕਿ ਉਸ ਨੂੰ ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਪਤਾ ਨਹੀਂ ਹੈ। ਇਕ ਰਿਸ਼ਤੇ ਤੋਂ ਦੂਜੇ ਵਿਚ ਕੁੱਦਣਾ ਕਿਸੇ ਵੀ ਤਰ੍ਹਾਂ ਨਾਲ ਤਸੱਲੀਬਖ਼ਸ਼ ਜੀਵਨ ਨਹੀਂ ਹੈ। ਵਿਆਹ ਸੰਸਥਾ ਵਿਅਕਤੀ ਦੇ ਜੀਵਨ ਨੂੰ ਜੋ ਸੁਰੱਖਿਆ ਅਤੇ ਸਥਿਰਤਾ ਪ੍ਰਦਾਨ ਕਰਦੀ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਉਮੀਦ ਨਹੀਂ ਕੀਤੀ ਜਾ ਸਕਦੀ। ਲਿਵ-ਇਨ ਦੇ ਸਮਰਥਕਾਂ ਨੂੰ ਸੋਸ਼ਲ ਸਾਇੰਸ ਰਿਸਰਚ ਵਿਚ ਪ੍ਰਕਾਸ਼ਿਤ ਖੋਜ ‘ਕੋਹੈਬਿਟੇਸ਼ਨ ਡਿਸੋਲਿਊਸ਼ਨ ਐਂਡ ਸਾਈਕੋਲਾਜੀਕਲ ਡਿਸਟ੍ਰੈਸ ਅੰਗ ਯੰਗ ਅਡਲਟਸ’ ਨੂੰ ਪੜ੍ਹਨਾ ਚਾਹੀਦਾ ਹੈ। ਇਸ ਖੋਜ ਮੁਤਾਬਕ ਲਿਵ-ਇਨ ਸਬੰਧ ਟੁੱਟਣ ਤੋਂ ਬਾਅਦ ਤਣਾਅ, ਮਾਨਸਿਕ ਤਣਾਅ ਅਤੇ ਭਾਵਨਾਤਮਕ ਅਸਥਿਰਤਾ ਵਧਦੀ ਹੈ। ਲਿਵ-ਇਨ-ਸਬੰਧ ਦਾ ਟੁੱਟਣਾ ਇਕ ਗੰਭੀਰ ਤਣਾਅਪੂਰਨ ਜੀਵਨ-ਘਟਨਾ ਹੈ ਜਿਸ ਦੇ ਦੂਰਗਾਮੀ ਅਤੇ ਘਾਤਕ ਮਨੋਵਿਗਿਆਨਕ ਨਤੀਜੇ ਹੋ ਸਕਦੇ ਹਨ।

ਰਿਤੂ ਸਾਰਸਵਤ


REAL PLUMBING

EMERGENCY SERVICE
7 DAYS A WEEK




HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੌਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096



RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਜੇਲ੍ਹ ਗਏ ਰਾਜਪਾਲ ਯਾਦਵ ਦੀ ਮਦਦ ਲਈ ਅੱਗੇ ਆਏ ਮੀਕਾ ਸਿੰਘ



ਬਾਲੀਵੁੱਡ ਦੇ ਮਸ਼ਹੂਰ ਕਾਮੇਡੀ ਅਦਾਕਾਰ ਰਾਜਪਾਲ ਯਾਦਵ ਇਨੀਂ ਦਿਨੀਂ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਹੇ ਹਨ। ਚੈੱਕ ਬਾਊਂਸ ਦੇ ਮਾਮਲੇ ਵਿੱਚ 6 ਮਹੀਨੇ ਦੀ ਸਜ਼ਾ ਕੱਟਣ ਲਈ 5 ਫਰਵਰੀ ਨੂੰ ਤਿਹਾੜ ਜੇਲ੍ਹ ਵਿੱਚ ਆਤਮ-ਸਮਰਪਣ ਕਰਨ ਤੋਂ ਬਾਅਦ ਹੁਣ ਫਿਲਮੀ ਜਗਤ ਦੇ ਸਿਤਾਰੇ ਉਨ੍ਹਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਪ੍ਰਸਿੱਧ ਗਾਇਕ ਮੀਕਾ ਸਿੰਘ ਨੇ ਰਾਜਪਾਲ ਯਾਦਵ ਦੀ ਵਿੱਤੀ ਸਹਾਇਤਾ ਲਈ 11 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੈ।

**ਮੀਕਾ ਸਿੰਘ ਨੇ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਭਾਵੁਕ ਪੋਸਟ**

ਮੀਕਾ ਸਿੰਘ ਨੇ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਰਾਜਪਾਲ ਯਾਦਵ ਪ੍ਰਤੀ ਇਕਜੁੱਟਤਾ ਪ੍ਰਗਟ ਕਰਦਿਆਂ ਲਿਖਿਆ, "ਮੇਰੀ ਇੱਕ ਨਿਮਰ ਬੇਨਤੀ ਹੈ ਕਿ ਸਿਰਫ ਸੋਸ਼ਲ ਮੀਡੀਆ 'ਤੇ ਪੋਸਟਾਂ ਨਾ ਪਾਓ। ਆਓ ਇਹ ਯਕੀਨੀ ਬਣਾਈਏ ਕਿ ਅਸੀਂ ਅਸਲ ਵਿੱਚ ਯੋਗਦਾਨ ਪਾ ਕੇ ਮਦਦ ਕਰੀਏ।" ਮੀਕਾ ਨੇ ਇੱਕ ਵੀਡੀਓ ਸੰਦੇਸ਼ ਰਾਹੀਂ ਫਿਲਮ ਇੰਡਸਟਰੀ ਦੇ ਹੋਰ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿਰਫ ਗੱਲਾਂ ਨਾ ਕਰਨ, ਸਗੋਂ ਠੋਸ ਵਿੱਤੀ ਮਦਦ ਲੈ ਕੇ ਅੱਗੇ ਆਉਣ।

**ਇਨ੍ਹਾਂ ਸਿਤਾਰਿਆਂ ਨੇ ਵੀ ਦਿੱਤਾ ਸਮਰਥਨ**

ਰਾਜਪਾਲ ਯਾਦਵ ਦੀ ਇਸ ਔਖੀ ਘੜੀ ਵਿੱਚ ਮੀਕਾ ਸਿੰਘ ਤੋਂ ਇਲਾਵਾ ਹੋਰ ਵੀ ਕਈ ਕਲਾਕਾਰਾਂ ਜਿਵੇਂ, ਸੋਨੂੰ ਸੂਦ, ਗੁਰੂ ਰੰਧਾਵਾ, ਗੁਰਮੀਤ ਚੌਧਰੀ, ਮਿਊਜ਼ਿਕ ਪ੍ਰੋਡਿਊਸਰ ਰਾਓ ਇੰਦਰਜੀਤ ਸਿੰਘ ਯਾਦਵ, ਤੇਜ ਪ੍ਰਤਾਪ ਯਾਦਵ ਨੇ ਹਮਦਰਦੀ ਜਤਾਈ ਹੈ ਅਤੇ ਆਰਥਿਕ ਮਦਦ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਸਿਤਾਰਿਆਂ ਨੇ ਉਦਯੋਗ ਦੇ ਹੋਰ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਰਾਜਪਾਲ ਯਾਦਵ ਦੀ ਕਾਨੂੰਨੀ ਅਤੇ ਵਿੱਤੀ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਣ।

**ਕੀ ਹੈ ਪੂਰਾ ਮਾਮਲਾ?**

ਦੱਸਣਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ ਰਾਜਪਾਲ ਯਾਦਵ ਨੂੰ ਚੈੱਕ ਬਾਊਂਸ ਦੇ ਕਈ ਕੇਸਾਂ ਵਿੱਚ ਸਮਝੌਤੇ ਦੀ ਰਕਮ ਅਦਾ ਨਾ ਕਰਨ ਕਾਰਨ ਜੇਲ੍ਹ ਜਾਣ ਦਾ ਹੁਕਮ ਦਿੱਤਾ ਸੀ। ਹਾਲਾਂਕਿ ਰਾਜਪਾਲ ਦੇ ਵਕੀਲ ਨੇ ਅਦਾਲਤ ਵਿੱਚ 25 ਲੱਖ ਰੁਪਏ ਤੁਰੰਤ ਜਮ੍ਹਾਂ ਕਰਵਾਉਣ ਅਤੇ ਬਾਕੀ ਰਕਮ ਕਿਸ਼ਤਾਂ ਵਿੱਚ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਅਦਾਲਤ ਨੇ ਸਾਫ਼ ਕਰ ਦਿੱਤਾ ਕਿ ਪਹਿਲਾਂ ਉਨ੍ਹਾਂ ਨੂੰ ਆਤਮ-ਸਮਰਪਣ ਕਰਨਾ ਪਵੇਗਾ। ਅਦਾਲਤੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਦਾਕਾਰ ਨੇ 5 ਫਰਵਰੀ ਨੂੰ ਤਿਹਾੜ ਜੇਲ੍ਹ ਵਿੱਚ ਸਰੈਂਡਰ ਕਰ ਦਿੱਤਾ ਸੀ।

**ਕਿਵੇਂ ਸ਼ੁਰੂ ਹੋਈ ਸੀ ਮੁਸੀਬਤ?**

ਰਾਜਪਾਲ ਯਾਦਵ ਦਾ ਇਹ ਵਿਵਾਦ ਸਾਲ 2010 ਦਾ ਹੈ। ਉਨ੍ਹਾਂ ਨੇ ਆਪਣੀ ਫਿਲਮ 'ਅਤਾ ਪਤਾ ਲਾਪਤਾ' ਬਣਾਉਣ ਲਈ ਲਗਭਗ 5 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਫਿਲਮ ਫਲਾਪ ਹੋਣ ਕਾਰਨ ਉਹ ਕਰਜ਼ਾ ਨਹੀਂ ਮੋੜ ਸਕੇ ਅਤੇ ਚੈੱਕ ਬਾਊਂਸ ਹੋਣ ਕਾਰਨ ਕਾਨੂੰਨੀ ਕਾਰਵਾਈ ਸ਼ੁਰੂ ਹੋ ਗਈ। ਵਿਆਜ ਅਤੇ ਜੁਰਮਾਨੇ ਕਾਰਨ ਇਹ ਰਕਮ ਵਧ ਕੇ ਲਗਭਗ 9 ਕਰੋੜ ਰੁਪਏ ਹੋ ਗਈ ਹੈ। ਦਿੱਲੀ ਹਾਈ ਕੋਰਟ ਨੇ ਕਈ ਵਾਰ ਮੁਹਲਤ ਦਿੱਤੀ, ਪਰ ਪੈਸੇ ਨਾ ਮੋੜ ਸਕਣ ਕਾਰਨ ਅਦਾਲਤ ਨੇ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿੱਚ 6 ਮਹੀਨੇ ਦੀ ਸਜ਼ਾ ਕੱਟਣ ਲਈ ਸਰੈਂਡਰ ਕਰਨ ਦੇ ਹੁਕਮ ਦਿੱਤੇ ਹਨ।

# ਬਾਲੀਵੁੱਡ

## ਵਿਵਾਦਾਂ 'ਚ ਘਿਰੇ ਮਨਕੀਰਤ ਔਲਖ਼ !



ਮਸ਼ਹੂਰ ਪੰਜਾਬੀ ਗਾਇਕ ਮਨਕੀਰਤ ਔਲਖ ਇੱਕ ਵਾਰ ਫਿਰ ਵਿਵਾਦਾਂ ਦੇ ਘੇਰੇ ਵਿੱਚ ਆ ਗਏ ਹਨ। ਉਨ੍ਹਾਂ ਦੇ ਹਾਲ ਹੀ ਵਿੱਚ ਰਿਲੀਜ਼ ਹੋਏ ਨਵੇਂ ਗੀਤ 'ਅਸਲਾ' ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪੰਜਾਬ ਵਪਾਰ ਸੈੱਲ ਦੇ ਸਹਿ-ਕਨਵੀਨਰ ਅਰਵਿੰਦ ਸ਼ਰਮਾ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਸ਼ਰਮਾ ਨੇ ਇਸ ਸਬੰਧੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਨੂੰ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ।

ਭਾਜਪਾ ਆਗੂ ਦਾ ਕਹਿਣਾ ਹੈ ਕਿ ਮਨਕੀਰਤ ਔਲਖ ਦਾ ਨਵਾਂ ਗਾਣਾ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਵਾਲਾ ਹੈ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ, ਗਾਣੇ ਵਿੱਚ ਹਿੰਸਾ ਅਤੇ ਹਥਿਆਰਾਂ ਦੀ ਖੁੱਲ੍ਹ ਕੇ ਨੁਮਾਇਸ਼ ਕੀਤੀ ਗਈ ਹੈ। ਇਹ ਗੀਤ ਨੌਜਵਾਨਾਂ ਨੂੰ ਗੈਂਗਸਟਰਵਾਦ ਅਤੇ ਹਿੰਸਾ ਵੱਲ ਉਕਸਾਉਂਦਾ ਹੈ। ਸ਼ਿਕਾਇਤਕਰਤਾ ਅਨੁਸਾਰ ਪੰਜਾਬ ਪਹਿਲਾਂ ਹੀ ਨਸ਼ਿਆਂ ਅਤੇ ਹਿੰਸਾ ਦੀ ਮਾਰ ਝੱਲ ਰਿਹਾ ਹੈ। ਅਜਿਹੇ ਮਾਹੌਲ ਵਿੱਚ "ਅਸਲਾ" ਵਰਗੇ ਗੀਤ ਨਾਲ ਸੂਬੇ ਦੀ ਅਮਨ-ਸ਼ਾਂਤੀ ਭੰਗ ਹੋ ਸਕਦੀ ਹੈ। ਭਾਜਪਾ ਆਗੂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਗੀਤ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ ਅਤੇ ਇਸ ਗੀਤ ਨੂੰ ਸਾਰੇ ਡਿਜੀਟਲ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਤੁਰੰਤ ਹਟਾਇਆ ਜਾਵੇ। ਉਨ੍ਹਾਂ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਕਿ ਉਹ ਭਵਿੱਖ ਵਿੱਚ ਅਜਿਹੀ ਸਮੱਗਰੀ ਨੂੰ ਰੋਕਣ ਲਈ ਡਿਜੀਟਲ ਪਲੇਟਫਾਰਮਾਂ ਲਈ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨ, ਤਾਂ ਜੋ ਨੌਜਵਾਨਾਂ ਨੂੰ ਹਿੰਸਾ ਤੋਂ ਦੂਰ ਰੱਖਿਆ ਜਾ ਸਕੇ। ਦੱਸ ਦੇਈਏ ਕਿ ਇਹ ਗੀਤ 6 ਫਰਵਰੀ ਨੂੰ ਰਿਲੀਜ਼ ਹੋਇਆ ਸੀ।

# ਗਾਇਕ ਸਲੀਮ ਦੇ ਮੈਨੇਜਰ ਨੂੰ ਧਮਕੀ



ਗਾਇਕ ਮਾਸਟਰ ਸਲੀਮ ਦੇ ਮੈਨੇਜਰ ਨੂੰ ਵ੍ਹਟਸਐਪ ਕਾਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇਸ ਦੀ ਸ਼ਿਕਾਇਤ ਪੁਲੀਸ ਕਮਿਸ਼ਨਰ ਨੂੰ ਕੀਤੀ ਗਈ ਹੈ। ਮੈਨੇਜਰ ਜੋਸ਼ ਨੇ ਦੱਸਿਆ ਕਿ ਉਸ ਨੂੰ ਤਿੰਨ ਵਾਰ ਵ੍ਹਟਸਐਪ 'ਤੇ ਕਾਲ ਆਈ ਤੇ ਦੋ ਵਾਰ ਉਨ੍ਹਾਂ ਕਾਲ ਰਿਸੀਵ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਫੋਨ ਕਰਨ ਵਾਲੇ ਨੇ ਵ੍ਹਟਸਐਪ ਨੰਬਰ 'ਤੇ ਉਸ ਦੀ ਕਾਰ ਦੀ ਫੋਟੋ ਭੇਜ ਕੇ ਕੈਪਸ਼ਨ ਵਿੱਚ ''ਤੇਰੇ ਦਿਨ ਥੋੜ੍ਹੇ ਹੀ ਹਨ'' ਲਿਖਿਆ ਹੈ। ਜੋਸ਼ ਮੁਤਾਬਕ ਪਹਿਲੀ ਵਾਰ ਉਨ੍ਹਾਂ ਨੂੰ 28 ਜਨਵਰੀ ਨੂੰ ਕਾਲ ਕਰਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ, ਜਿਸ ਨੂੰ ਉਨ੍ਹਾਂ ਨੇ ਨਜ਼ਰਅੰਦਾਜ਼ ਕਰ ਦਿੱਤਾ ਸੀ। ਅਸਿਸਟੈਂਟ ਪੁਲੀਸ ਕਮਿਸ਼ਨਰ ਸੈਂਟਰਲ ਅਜੇ ਸਿੰਘ ਨੇ ਦੱਸਿਆ ਕਿ ਕਾਲ ਟਰੇਸ ਕੀਤੀ ਜਾ ਰਹੀ ਹੈ ਤੇ ਜਲਦ ਹੀ ਮੁਲਜ਼ਮ ਨੂੰ ਕਾਬੂ ਕਰ ਲਿਆ ਜਾਵੇਗਾ।

# Dr. Dhanju

## We'll take care of your Teeth



| General | Cosmetic | Surgical | High-Tech Exam |
| --- | --- | --- | --- |
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
| --- | --- | --- | --- |
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 07

Friday, FEBRUARY 14, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Housing market faces possible recession in 2026 amid 'subdued' demand: CMHC

Canada's housing market is expected to stay "subdued" this year amid economic uncertainty stemming from the trade war and U.S. tariffs — with a recession still a possibility.

The Canada Mortgage and Housing Corporation released its 2026 housing market outlook Tuesday, which says demand from buyers is expected to "remain below historical averages."

"Elevated price-to-income ratios, high carrying costs and lingering job uncertainty will keep many buyers on the sidelines," the CMHC said in the report. "Higher vacancy rates and slower rent increases are expected nationwide, giving renters more time and flexibility to save before buying a home." U.S. tariffs imposed on Canada by President Donald Trump's administration have dented the Canadian economy and job market, especially in aluminum and steel, lumber, autos and automotive parts manufacturing.

This means purchasing a home may not be a priority for many Canadians right now, given the cloud of uncertainty hanging over the job market.

The CMHC says there will likely be more market activity on a national scale next year and into 2028.

"While overall home demand is subdued, national home sales are projected to pick up temporarily in 2026, led by Ontario and British Columbia. These two provinces had some of the weakest sales in decades, so their rebound is mostly due to pent-up demand from recent weakness, not a sustained recovery," the CMHC said.

"National home sales are then anticipated to rise slightly in 2027 and 2028 as the economy improves. Higher incomes and steadier job markets will boost confidence and make people more willing to buy."

Prime Minister Mark Carney announced a framework of capital spending measures from the federal government that are aimed at spurring economic activity to not only counteract the negative impacts of the trade war and tariffs, but also make Canada more resilient to trade disruptions for the long term.


# Lifestyle
REAL ESTATE GROUP




2 bedroom 2 bath with Panoramic views!




Spacious, bright, updatec 2 bdrm upper END unit in Oakhurst Park




Top floor corner unit, large 2 bdrm spacious & bright condo located close to everything.




Spacious & bright 1692 sq ft townhouse close to everything!




Renovated 3 bdrm 3 bath in 55+ complex in South Surrey!




Beautiful home with a one bedroom suite in South Surrey!



**Tom Edwards**
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle REAL ESTATE GROUP



# HARMINDER S. PATTAR PREC

COLDWELL BANKER UNIVERSE REALTY

# 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**



**2681 E 41 AVE, VANCOUVER**

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~

**$2,350,000**

**COMMERCIAL PLAZA FOR SALE 2638-2640 CEDAR PARK PLACE, ABBOTSFORD**



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$7,500,000**

**5942 LAUREL ST VANCOUVER**



WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

**$2,945,000**

**1035 23200 GILLEY ROAD**




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the

**$799,999**

**#45 12036 66 AVE, SURREY ~~$799,000~~**



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# REALTY CLASSIFIED




## KULVIR SAHOTA PREC.

778.863.2472

sahotakulvir@gmail.com

**Top-selling Agent in Surrey Office**
**Since 2017, 2018, 2019, 2020, 50 SOLD in 2021**

MLS MEDALLION CLUB MEMBER
Medallion Member
2017, 2018, 2019

PLANET GROUP REALTY INC.
Planet Group Realty Inc.
#266 - 8128 128 Street
Surrey, BC V3W 1R1
Tel: 604-572-1008


### 14373 66 Ave Surrey BC



Two storey house,5bed 3 full bath, 2bed basement suite, 7200 sf lot,
Asking:$1429K

### 12848 65 Ave Surrey



Renovated house 3bed 3bath,
6400 sf lot,
Asking: 1199K,

### 12846 68 Ave Surrey



Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

### 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

### 19536 118B Ave



Two Storey house 5bed 4 full bath,
7500 lot,
Asking: 1429K

### Townhouse for sale



2bed 2bath, 1246 sf,
Asking: $690K

### Apartment for Sale



002-10760 135A Ave Brand new, 2bed 2bath, 800 sf,
Asking: $649K

### 77 15151 Edmund Drive, Surrey



3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.

Asking $949K

### 314-7445 120 Street




### 103 13725 72A AVENUE




### 13930 77 Ave Surrey BC




### 124 13725 72A AVENUE




### 314-7445 120 Street




### #11 16357 15 AVE, SURREY




### #22 12730 66 AVE SURREY




### 6139 142 ST SURREY




### #201 13893 74 AVE SURREY




### 14071 59A AVE, SURREY




### 14948 62 AVE SURREY




### 11700 85B AVE DELTA




### #34 9088 HOLT RD, SURREY




### 11826 87 AVE, DELTA




### #202 7445 120 ST, DELTA




### #138 13898 64 AVE SURREY




### 13343 STAMFORD PLACE SURREY




### 10014 120 ST SURREY




### #100 5888 144 ST SURREY




### #71 13706 74 AVE SURREY



# ਭਾਰਤੀ ਸਾਫਟਵੇਅਰ ਇੰਜੀਨੀਅਰ ਦਾ ਦਿਨ-ਦਿਹਾੜੇ ਕਤਲ



**ਬੰਗਲੌਰ**: ਕੈਨੇਡਾ ਦੇ ਟੋਰਾਂਟੋ ਵਿੱਚ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਕਰਨਾਟਕ ਨਾਲ ਸਬੰਧਤ 37 ਸਾਲਾ ਭਾਰਤੀ ਸਾਫਟਵੇਅਰ ਇੰਜੀਨੀਅਰ ਚੰਦਨ ਕੁਮਾਰ ਰਾਜਾ ਨੰਦਾਕੁਮਾਰ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਵਾਰਦਾਤ ਨੇ ਕੈਨੇਡਾ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਵਿੱਚ ਡਰ ਅਤੇ ਸੋਗ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

**ਵਾਰਦਾਤ ਦਾ ਵੇਰਵਾ:**

ਸਮਾਂ ਅਤੇ ਸਥਾਨ: ਇਹ ਘਟਨਾ ਸ਼ਨੀਵਾਰ ਦੁਪਹਿਰ ਲਗਭਗ 3:30 ਵਜੇ ਟੋਰਾਂਟੋ ਦੇ ਇੱਕ ਵਿਅਸਤ ਵੁੱਡਬਾਈਨ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿੱਚ ਵਾਪਰੀ।

**ਹਮਲਾ**: ਚੰਦਨ ਆਪਣੀ ਚਿੱਟੇ ਰੰਗ ਦੀ ਕਾਰ ਵਿੱਚ ਬੈਠਾ ਸੀ ਜਦੋਂ ਹਮਲਾਵਰਾਂ ਨੇ ਉਸ ‘ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਸੋਸ਼ਲ ਮੀਡੀਆ ‘ਤੇ ਵਾਇਰਲ ਤਸਵੀਰਾਂ ਵਿੱਚ ਕਾਰ ਦੇ ਸ਼ੀਸ਼ੇ ਅਤੇ ਬਾਡੀ ਗੋਲੀਆਂ ਨਾਲ ਛਲਣੀ ਦਿਖਾਈ ਦੇ ਰਹੀ ਹੈ।

ਪੁਲਿਸ ਦੀ ਕਾਰਵਾਈ: ਟੋਰਾਂਟੋ ਪੁਲਿਸ ਨੇ ਇਸ ਨੂੰ ‘ਟਾਰਗੇਟਿਡ ਅਟੈਕ’ (ਨਿਸ਼ਾਨਾ ਬਣਾ ਕੇ ਕੀਤਾ ਹਮਲਾ) ਮੰਨਿਆ ਹੈ। ਚੰਦਨ ਨੂੰ ਹਸਪਤਾਲ ਲਿਜਾਇਆ ਗਿਆ ਸੀ, ਪਰ ਗੰਭੀਰ ਜ਼ਖ਼ਮਾਂ ਕਾਰਨ ਉਸ ਦੀ ਮੌਤ ਹੋ ਗਈ।

**ਕੌਣ ਸੀ ਚੰਦਨ ਕੁਮਾਰ?**

**ਪਿਛੋਕੜ**: ਉਹ ਮੂਲ ਰੂਪ ਵਿੱਚ ਕਰਨਾਟਕ ਦੇ ਨੇਲਮੰਗਲਾ ਨੇੜਲੇ ਪਿੰਡ ਥਿਆਮਾਗੋਂਡਲੂ ਦਾ ਰਹਿਣ ਵਾਲਾ ਸੀ।

**ਕਰੀਅਰ**: ਚੰਦਨ ਪਿਛਲੇ 6 ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਸੀ ਅਤੇ ਪ੍ਰਸਿੱਧ ਆਈ. ਟੀ. ਕੰਪਨੀ ਲ਼ਠੀ ਨਿੰਦਟਰਏਣ ਵਿੱਚ ਕੰਮ ਕਰਦਾ ਸੀ।

ਪਰਿਵਾਰਕ ਦੁੱਖ: ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੇ ਪਿਤਾ ਨੰਦਾਕੁਮਾਰ ਨੇ ਦੱਸਿਆ ਕਿ ਉਹ ਇਸ ਗਰਮੀਆਂ ਵਿੱਚ ਭਾਰਤ ਆਉਣ ਵਾਲਾ ਸੀ ਅਤੇ ਪਰਿਵਾਰ ਉਸ ਦੇ ਵਿਆਹ ਦੀਆਂ ਤਿਆਰੀਆਂ ਕਰ ਰਿਹਾ ਸੀ।

**ਕਤਲ ਦੇ ਪਿੱਛੇ ਸ਼ੱਕੀ ਕਾਰਨ:**

ਪਰਿਵਾਰਕ ਮੈਂਬਰਾਂ ਨੇ ਇੱਕ ਅਹਿਮ ਸ਼ੱਕ ਜਤਾਇਆ ਹੈ ਕਿ ਚੰਦਨ ਟੋਰਾਂਟੋ ਵਿੱਚ ਇੱਕ ਕੰਨੜ ਐਸੋਸੀਏਸ਼ਨ ਸਥਾਪਤ ਕਰਨ ਲਈ ਕਾਫ਼ੀ ਸਰਗਰਮ ਸੀ, ਜੋ ਸ਼ਾਇਦ ਇਸ ਹਮਲੇ ਦਾ ਕਾਰਨ ਬਣਿਆ ਹੋਵੇ। ਹਾਲਾਂਕਿ, ਕੈਨੇਡੀਅਨ ਪੁਲਿਸ ਨੇ ਅਜੇ ਤੱਕ ਕਿਸੇ ਗ੍ਰਿਫ਼ਤਾਰੀ ਜਾਂ ਸਪੱਸ਼ਟ ਉਦੇਸ਼ ਦਾ ਖੁਲਾਸਾ ਨਹੀਂ ਕੀਤਾ ਹੈ।

**ਸਰਕਾਰ ਦੀ ਪ੍ਰਤੀਕਿਰਿਆ**

ਕਰਨਾਟਕ ਸਰਕਾਰ: ਗ੍ਰਹਿ ਮੰਤਰੀ ਜੀ. ਪਰਮੇਸ਼ਵਰ ਨੇ ਇਸ ਘਟਨਾ ‘ਤੇ ਦੁੱਖ ਪ੍ਰਗਟ ਕਰਦਿਆਂ ਵਿਦੇਸ਼ ਮੰਤਰਾਲੇ (ਓਅ) ਤੋਂ ਲਾਸ਼ ਵਾਪਸ ਲਿਆਉਣ ਲਈ ਮਦਦ ਮੰਗੀ ਹੈ।

**ਸੰਸਦ ਮੈਂਬਰ**: ਚਿੱਕਬੱਲਾਪੁਰ ਦੇ ਐਮ.ਪੀ. ਡਾ. ਕੇ. ਸੁਧਾਕਰ ਨੇ ਭਰੋਸਾ ਦਿੱਤਾ ਹੈ ਕਿ ਉਹ ਲਾਸ਼ ਨੂੰ ਭਾਰਤ ਲਿਆਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਲਗਾਤਾਰ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ।


JASSAL SIGNS

*From Concept to Completion*







- *Vehicle Wraps*
- *Business Cards*
  *Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਖ਼ਾਲਿਸਤਾਨ ਪੱਖੀ ਪ੍ਰਦਰਸ਼ਨ ‘ਚ ਸ਼ਾਮਿਲ ਹੋਣ ’ਤੇ ਓਂਟਾਰੀਓ ਪੁਲਿਸ ਅਫ਼ਸਰ ਨੂੰ ਸਜ਼ਾ

**ਟੋਰਾਂਟੋ**: ਕੈਨੇਡਾ ‘ਚ ਉਂਟਾਰੀਓ ਪ੍ਰਾਂਤ ਦੇ ਦੱਖਣ ‘ਚ ਪੀਲ ਇਲਾਕੇ ‘ਚ (ਬਰੈਂਪਟਨ ਤੇ ਮਿਸੀਸਾਗਾ) ਦੀ ਪੁਲਿਸ ਦੇ ਸਾਰਜੈਂਟ ਹਰਿੰਦਰ ਸੋਹੀ ਨੂੰ ਖਾਲਿਸਤਾਨੀ ਰੋਸ ਮੁਜ਼ਾਹਰਿਆਂ ‘ਚ ਸ਼ਾਮਿਲ ਹੋਣ ਕਰਕੇ ਵਿਭਾਗੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਹੈ ਤੇ ਸਜਾ ਹੋਈ ਹੈ। ਫ਼ੈਸਲੇ ਅਨੁਸਾਰ 18 ਅਕਤੂਬਰ 2024 ‘ਚ ਟੋਰਾਂਟੋ ਵਿਖੇ ਖ਼ਾਲਿਸਤਾਨ ਪੱਖੀ ਰੋਸ ਮੁਜ਼ਾਹਰੇ ‘ਚ ਸ਼ਾਮਿਲ ਹੋ ਕੇ ਉਸ ਨੇ ਭਾਰਤ ਦੇ ਝੰਡੇ ਉੱਪਰ ਖੜ੍ਹੇ ਹੋ ਕੇ ਅਪਮਾਨ ਕੀਤਾ ਸੀ। ਇਸੇ ਤਰ੍ਹਾਂ ਉਸ ਨੂੰ 3 ਨਵੰਬਰ 2024 ਨੂੰ ਹਿੰਦੂ ਸਭਾ ਮੰਦਿਰ ਦੇ ਬਾਹਰ ਰੋਸ ਮੁਜ਼ਾਹਰੇ ‘ਚ ਮੰਦਿਰ ਦੇ ਆਗੂ ਨਾਲ ਵੀ ਝਗੜਾ ਕਰਦੇ ਹੋਏ ਦੇਖਿਆ ਗਿਆ। ਉਨ੍ਹਾਂ ਦੋਵਾਂ ਮੌਕਿਆਂ ਦੀ ਵੀਡੀਓ ਤੇ ਕੁੱਝ ਹੋਰ ਸਬੂਤਾਂ ਦੇ ਅਧਾਰ ‘ਤੇ ਪੀਲ ਪੁਲਿਸ ਵਲੋਂ ਹਰਿੰਦਰ ਨੂੰ ਸਸਪੈਂਡ ਕਰਕੇ ਉਸ ਖ਼ਿਲਾਫ਼ ਵਿਭਾਗੀ ਕਾਰਵਾਈ ਕੀਤੀ ਗਈ ਸੀ। ਜਿਸ ‘ਚ ਉਸ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਇਹ ਵੀ ਕਿ ਵਿਭਾਗ ਦੇ 25 ਸਫ਼ਿਆਂ ਦੇ ਫ਼ੈਸਲੇ ‘ਚ ਸਜਾ ਵਜੋਂ ਸਾਰਜੈਂਟ (ਹੁਲਦਾਰ) ਹਰਿੰਦਰ ਸੋਹੀ ਦਾ ਅਹੁਦਾ ਘਟਾ ਕੇ 6 ਮਹੀਨਿਆਂ ਵਾਸਤੇ ਫ਼ਸਟ ਕਲਾਸ ਕਾਂਸਟੇਬਲ (ਸਿਪਾਹੀ) ਕਰ ਦਿੱਤਾ ਗਿਆ ਹੈ। ਫ਼ੈਸਲੇ ‘ਚ ਦਰਜ ਹੈ ਕਿ ਭਾਵੇਂ 3 ਨਵੰਬਰ ਦੇ ਰੋਸ ਮੁਜ਼ਾਹਰੇ ਦੁਰਾਨ ਹਰਿੰਦਰ ਨੇ ਝਗੜੇ ਲਈ ਭੜਕਾਹਟ ਪੈਦਾ ਨਹੀਂ ਕੀਤੀ ਪਰ ਉਸ ਦੇ ਗਰੁੱਪ ਦੇ ਕਈ ਮੈਂਬਰ ਗ਼ੈਰਕਾਨੂੰਨੀ ਤੌਰ ‘ਤੇ ਮੰਦਿਰ ਦੇ ਅਹਾਤੇ ‘ਚ ਦਾਖਿਲ ਹੋਏ ਤੇ ਹਿੰਸਾ ਕੀਤੀ ਜੋ ਬਹੁਤ ਗੰਭੀਰ ਅਤੇ ਮੁਜਰਮਾਨਾ ਸੀ। ਅਧਿਕਾਰੀਆਂ ਦਾ ਆਪਣੇ ਫ਼ੈਸਲੇ ‘ਚ ਇਹ ਵੀ ਤਰਕ ਹੈ ਕਿ ਹਰਿੰਦਰ ਨੇ ਉਪਰੋਕਤ ਮੁਜ਼ਾਹਰਿਆਂ ‘ਚ ਜਾਣ ਲਈ ਪੁਲਿਸ ਵਿਭਾਗ ਤੋਂ ਇਜਾਜ਼ਤ ਨਹੀਂ ਲਈ ਸੀ।

ਸੁਣਵਾਈ ਦੁਰਾਨ ਹਰਿੰਦਰ ਨੇ ਕਿਹਾ ਕਿ ਰੋਸ ਮੁਜ਼ਾਹਰਾ ਉਦੋਂ ਤੱਕ ਸ਼ਾਂਤਮਈ ਸੀ ਜਦ ਤੱਕ ਉਨ੍ਹਾਂ ਉੱਪਰ ਹਮਲਾ ਨਾ ਕਰ ਦਿੱਤਾ ਗਿਆ। ਘਟਨਾ ਸਮੇਂ ਉਹ ਪੁਲਿਸ ਦੀ ਡਿਊਟੀ ‘ਤੇ ਨਹੀਂ ਸੀ, ਨਾ ਹੀ ਵਰਦੀ ‘ਚ ਸੀ ਤੇ ਹਿੰਸਾ ਭੜਕਣ ਮਗਰੋਂ ਉਹ ਮੌਕੇ ਤੋਂ ਚਲਾ ਗਿਆ ਸੀ। ਜਿਸ ਕਰਕੇ ਪੁਲਿਸ ਨੂੰ ਵੱਡੇ ਪੱਧਰ ‘ਤੇ ਕਾਰਵਾਈ ਕਰਨੀ ਪਈ ਸੀ¢ ਸੁਪਰਡੈਂਟ (ਜੱਜ) ਗਰੀਮ ਤਰਲ ਦੇ ਫ਼ੈਸਲੇ ਵਿਚ ਲਿਖਿਆ ਕਿ ਅਜਿਹੀਆਂ ਸਰਗਰਮੀਆਂ ‘ਚ ਸ਼ਾਮਿਲ ਹੋ ਕੇ ਹਰਿੰਦਰ ਨੇ ਪੁਲਿਸ ਵਿਚ ਲੋਕਾਂ ਦਾ ਭਰੋਸਾ ਕਮਜ਼ੋਰ ਕੀਤਾ ਅਤੇ ਇਕ ਦੇਸ਼ ਦੇ ਝੰਡੇ ਦਾ ਨਿਰਾਦਰ ਕੀਤਾ¢ ਇਕ ਪੁਲਿਸ ਵਾਲੇ ਵਲੋਂ ਕਿਸੇ ਦੇਸ਼ ਦੇ ਝੰਡੇ ਉੱਪਰ ਪੈਰ (ਜੁੱਤੀ ਸਮੇਤ) ਰੱਖ ਕੇ ਖੜ੍ਹੇ ਹੋਣ ਨੂੰ ਇਸ ਕੇਸ ਵਿਚ ਅਧਿਕਾਰੀਆਂ ਵਲੋਂ ਗਹਿਰ ਗੰਭੀਰਤਾ ਨਾਲ਼ ਲਿਆ ਗਿਆ ਅਤੇ ਫ਼ੈਸਲੇ ਵਿਚ ਲਿਖਿਆ ਕਿ ਕੈਨੇਡਾ ਵਿਚ ਭਾਰਤੀ ਮੂਲ ਦਾ ਭਾਈਚਾਰਾ ਵੱਡੀ ਗਿਣਤੀ ਵਿਚ ਰਹਿ ਰਿਹਾ ਹੈ ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗੀ ਹੋਵੇਗੀ।

ਇਹ ਵੀ ਕਿ ਹਰਿੰਦਰ ਨੂੰ ਆਪਣੀ ਪੁਲਿਸ ਟਰੇਨਿੰਗ ਨੂੰ ਵਿਚਾਰਦੇ ਹੋਏ ਅਤੇ ਸੂਝ ਤੋਂ ਕੰਮ ਲੈਂਦਿਆਂ ਅਜਿਹੇ ਰਾਜਨੀਤਕ (ਵਿਵਾਦਿਤ) ਮਾਹੌਲ ਵਿਚ ਧਾਰਮਿਕ ਅਸਥਾਨ ਦੇ ਬਾਹਰ ਸ਼ਾਮਿਲ ਨਹੀਂ ਹੋਣਾ ਚਾਹੀਦਾ ਸੀ। ਮਿਲੀ ਜਾਣਕਾਰੀ ਅਨੁਸਾਰ ਹਰਿੰਦਰ ਵਲੋਂ 18 ਅਕਤੂਬਰ ਨੂੰ ਮੁਜ਼ਾਹਰੇ ਵਿਚ ਸ਼ਾਮਿਲ ਹੋਣ ਬਾਰੇ ਪੁਲਿਸ ਵਿਭਾਗ ਨੂੰ ਉੱਕਾ ਪਤਾ ਨਹੀਂ ਸੀ ਪਰ 3 ਨਵੰਬਰ 2024 ਦੀ ਘਟਨਾ ਦਾ ਜ਼ਿਕਰ ਅੰਤਰਰਾਸ਼ਟਰੀ ਪੱਧਰ ‘ਤੇ ਹੋਣ ਤੋਂ ਬਾਅਦ ਉਸ ਖ਼ਿਲਾਫ਼ ਕਾਰਵਾਈ ਦੁਰਾਨ ਅਧਿਕਾਰੀਆਂ ਨੂੰ ਇਸ ਬਾਰੇ ਪਤਾ ਲੱਗਾ¢ ਇਹ ਵੀ ਸਪਸ਼ਟ ਕੀਤਾ ਗਿਆ ਕਿ ਹਰਿੰਦਰ ਦੀਆਂ ਸਰਗਰਮੀਆਂ ਦੀ ਸਿੱਖਸ ਫ਼ਾਰ ਜਸਟਿਸ ਨਾਲ਼ ਜੁੜੇ ਲੋਕ ਸ਼ਲਾਘਾ ਕਰਦੇ ਹੋ ਸਕਦੇ ਹਨ ਪਰ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਨੇ ਇਸ ਨੂੰ ਪੱਖਪਾਤੀ ਅਤੇ ਬਰੈਂਪਟਨ ਸ਼ਹਿਰ ਅਤੇ ਪੀਲ ਪੁਲਿਸ ਦੇ ਵੱਕਾਰ ਨੂੰ ਠੇਸ ਮਾਰਨ ਦੇ ਤੌਰ ‘ਤੇ ਲਿਆ।

ਹਰਿੰਦਰ ਨੇ ਇਹ ਵੀ ਕਿਹਾ ਕਿ ਇਸ ਘਟਨਾ ਦਾ ਬਿਰਤਾਂਤ ਭਾਰਤ ਸਰਕਾਰ ਦੇ ਪ੍ਰਭਾਵ ਹੇਠ ਮੀਡੀਆ ਨੇ ਵਧਾ ਚੜ੍ਹਾ ਕੇ ਪੇਸ਼ ਕੀਤਾ। ਹਰਿੰਦਰ ਨੇ ਮੁਜ਼ਾਹਰਿਆਂ ‘ਚ ਸ਼ਾਮਿਲ ਹੋਣ ਨੂੰ ਜਾਇਜ਼ ਠਹਿਰਾਉਣ ਲਈ ਸਤੰਬਰ 2023 ‘ਚ ਉਦੋਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਦੇਸ਼ ‘ਚ ਹਿੰਸਕ ਘਟਨਾਵਾਂ ‘ਚ ਭਾਰਤ ਦੇ ਏਜੰਟਾਂ ਦਾ ਹੱਥ ਹੋਣ ਦੇ ਬਿਆਨ, ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਦੇ ਅਜਿਹੇ ਦਾਅਵੇ ਤੇ ਉਦੋਂ ਦੀ ਵਿਦੇਸ਼ ਮੰਤਰੀ ਦੇ ਬਿਆਨਾਂ ਦਾ ਹਵਾਲਾ ਵੀ ਦਿੱਤਾ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਉਸ ਘਟਨਾ ਦਾ 2 ਭਾਈ ਚਾਰਿਆਂ, ਹਿੰਦੂ ਤੇ ਸਿੱਖਾਂ, ਦੀ ਲੜਾਈ ਦੇ ਤੌਰ ‘ਤੇ ਨਹੀਂ ਮੰਨਿਆ ਜਾ ਸਕਦਾ ਪਰ ਕੁੱਝ ਮੀਡੀਆ ਨੇ ਅਜਿਹਾ (ਝੂਠਾ) ਪ੍ਰਚਾਰ ਕੀਤਾ। ਉਸ ਨੇ ਮੰਨਿਆ ਕੇ ਭਵਿੱਖ ‘ਚ ਉਹ ਅਜਿਹੇ ਮੁਜ਼ਾਹਰੇ ‘ਚ ਨਹੀਂ ਜਾਵੇਗਾ।


A1PROMOTIONS.CA

A1 PROMOTIONS EST. 2004

**Custom T Shirts, Hoodies, School Uniforms**

**Event & Tournament Packages, Trophy Awards**

**Large Variety Of Promotional Products**




**A1 PROMOTIONS NEWTON**
13375-72 AVE SURREY
604-763-1500
sales@a1promotions.ca

**A1 PROMOTIONS HYLAND**
6638-152A Street Surrey
604-597-8356
sales152@a1promotions.ca



SABZI MANDI SUPERMARKET
Serving our Community since 2003
Happy Valentine's Day
HOT PRICE
GREEN PEPPERS
ਹਰੀਆਂ ਸ਼ਿਮਲਾ ਮਿਰਚਾਂ
99¢ /lb
HOT PRICE
INDIAN KARELA
ਦੇਸੀ ਕਰੇਲੇ
1.49 /lb
HOT PRICE
FRESH FENUGREEK METHI
ਮੇਥੀ
Bunch
1.89 ea
HOT PRICE
FRESH CILANTRO
ਧਨੀਆਂ
Bunch
2 for 1.49
NPS #1 ALMONDS
ਬਦਾਮ
5.99 /lb
UNBEATABLE DEALS
ACADEMY FARMS BUFFALO MILK
ਅਕੈਡਮੀ ਫਾਰਮਜ਼ ਮੱਝ ਦਾ ਦੁਧ
1L
4.99 ea
(WITH LEAVES) INDIAN DAIKON
ਦੇਸੀ ਮੂਲੀ
1.49 /lb
CHING'S NOODLES
ਚਿੰਗਜ਼ ਨੂਡਲਜ਼
Asst., 240g
1.49 ea
BC CABBAGE
ਬੀਸੀ ਪੱਤ ਗੋਭੀ
69¢ /lb
TAPAL DANEDAR TEA
ਤਪਾਲ ਦਾਨੇਦਾਰ ਚਾਹ
1kg
9.99 ea
PUNJABI BY NATURE GUR/MASALA GUR
ਪੰਜਾਬੀ ਬਾਈ ਨੇਚਰ ਗੁੜ ਅਤੇ ਮਸਾਲਾ ਗੁੜ
1kg
3.99 ea
SHAN PICKLES
ਸ਼ਾਨ ਅੱਚਾਰ
Asst., 1kg
3.99 ea
HULLY GULLY PUFFS
ਹੱਲੀ ਗੱਲੀ ਪੱਫਜ਼
Asst., 120g
2 for 4.99
PEELED GARLIC
ਲਸਣ
5lb Jar
8.99 ea
IZU'S AMRITSARI PANEER
ਇਜ਼ੂਜ਼ ਅਮਰਿਤਸਰੀ ਪਨੀਰ
250g
5.99 ea
PAKISTANI ROOHAFZA
ਪਾਕਿਸਤਾਨੀ ਰੂਹਅਫਜ਼ਾ
750ml
4.49 ea
PUNJABI BY NATURE SARSON KA SAAG
ਪੰਜਾਬੀ ਬਾਈ ਨੇਚਰ ਸਰੋਂ ਦਾ ਸਾਗ
850g
3.99 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
FRESH ZUCCHINI
ਤੋਰੀ
88¢ /lb
SHAN GINGER/GARLIC PASTE
ਸ਼ਾਨ ਅੱਦਰਕ/ਲਸਣ ਪੇਸਟ
750g
4.99 ea
BC POTATOES
ਆਲੂ
10lb
2.49 ea
FRESH OPO
ਲੌਕੀ
99¢ /lb
LARGE SEEDLESS ORANGES
ਵੱਡੇ ਸੰਗਤਰੇ
99¢ /lb
JUMBO EGGPLANT
ਵੱਡੇ ਵਤਾਊਂ
1.69 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. February 13, 2026 - Wed. February 18, 2026
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.